ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.5/-

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 09-09-2023 ● Vol.41 No.36 ● Ph. : 0175-2214575, 5000386 ● Page : 16 ● E-mail : kdpublications@yahoo.co.in




ਭਾਰਤ ਦੇਸ਼ ਦੀ ਆਰਥਿਕਤਾ ਖੇਤੀਬਾੜੀ ਤੋਂ ਪ੍ਰਭਾਵਿਤ ਹੈ । ਖੇਤੀ ਜੋਤਾਂ ਦਾ ਸੁੰਗੜਨਾ ਅਤੇ ਖੇਤੀ ਖਰਚਿਆਂ ਵਿੱਚ ਵਾਧਾ ਲਗਾਤਾਰ ਖੇਤੀ ਆਮਦਨ ਨੂੰ ਪ੍ਰਭਾਵਿਤ ਕਰ ਰਹੇ ਹਨ । ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਖੇਤੀ ਨੂੰ ਪੁਰਾਤਨ ਲੀਹਾਂ ਤੋਂ ਵੱਖਰਾ ਦੇਖਣ ਦੀ ਜ਼ਰੂਰਤ ਹੈ । ਖੇਤੀਬਾੜੀ ਦੀ ਆਰਥਿਕਤਾ ਦਾ ਸਿੱਧਾ ਸੰਬੰਧ ਇਸ ਦੀ ਆਮਦਨ ਨੂੰ ਵਧਾਉਣ ਦੇ ਉਪਰਾਲੇ ਕਰਨਾ ਹੈ । ਇਹਨਾਂ ਉਪਰਾਲਿਆਂ ਦੀ ਜੇਕਰ ਗੱਲ ਕਰੀਏ ਤਾਂ ਖੇਤੀ ਸਹਾਇਕ ਧੰਦੇ ਇਸ ਕੰਮ ਵਿੱਚ ਸਭ ਤੋਂ ਵਧੀਆ ਰੋਲ ਅਦਾ ਕਰ ਸਕਦੇ ਹਨ । ਇਹਨਾਂ ਧੰਦਿਆਂ ਵਿੱਚ ਡੇਅਰੀ, ਪੋਲਟਰੀ, ਖੁੰਭਾਂ ਦੀ ਕਾਸ਼ਤ, ਸ਼ਹਿਦ ਮੱਖੀ ਪਾਲਣ, ਬਾਗਬਾਨੀ, ਸਬਜ਼ੀ ਉਤਪਾਦਨ, ਬੱਕਰੀ ਪਾਲਣ, ਸੂਰ ਪਾਲਣ, ਪੋਲੀ ਹਾਊਸ, ਆਚਾਰ ਮੁਰੱਬੇ, ਚੱਟਨੀਆਂ ਦੀ ਕਾਸ਼ਤ, ਟਾਈ-ਡਾਈ, ਪ੍ਰੋਸੈਸਿੰਗ ਅਤੇ ਮੁੱਲ ਵਾਧੇ ਲਈ ਕੋਰਸ ਬਹੁਤ ਹੀ ਲਾਭਕਾਰੀ ਸਿੱਧ ਹੁੰਦੇ ਹਨ । ਇਹਨਾਂ ਧੰਦਿਆਂ ਦੀ ਜਾਣਕਾਰੀ ਅਤੇ ਪ੍ਰਦਰਸ਼ਨੀ ਦਾ ਲਾਭ ਪ੍ਰਾਪਤ ਕਰਨ ਲਈ ਕਿਸਾਨ ਮੇਲੇ ਇੱਕ ਵਧੀਆ ਅਤੇ ਸਾਦਾ ਸਰੋਤ ਹਨ । ਕਿਸਾਨ ਵੀਰੋ ਅਤੇ ਬੀਬੀਓ ! ਸਤੰਬਰ ਦਾ ਮਹੀਨਾ ਕਿਸਾਨ ਮੇਲਿਆਂ ਵਜੋਂ ਜਾਣਿਆ ਜਾਂਦਾ ਹੈ ਅਤੇ ਸਮਾਂ ਕੱਢ ਕੇ ਮੇਲੇ ਵਿੱਚ ਜਾਣਾ ਨਾ ਭੁੱਲਿਓ । ਇਹਨਾਂ ਕਿਸਾਨ ਮੇਲਿਆਂ ਵਿੱਚ ਸੁਧਰੇ ਬੀਜ, ਫਲਾਂ/ਸਬਜ਼ੀਆਂ ਦੀ ਕਾਸ਼ਤ ਲਈ ਬੂਟੇ/ਬੀਜ ਮੁਹੱਈਆ ਕਰਵਾਏ ਜਾਂਦੇ ਹਨ ।

| ਗੁਰਦਾਸਪੁਰ | ਫਰੀਦਕੋਟ | ਰੌਣੀ (ਪਟਿਆਲਾ) | ਬਠਿੰਡਾ |
|---|---|---|---|
| 12 ਸਤੰਬਰ | 19 ਸਤੰਬਰ | 22 ਸਤੰਬਰ | 27 ਸਤੰਬਰ |

**ਪੀ.ਏ.ਯੂ. ਲੁਧਿਆਣਾ 14 ਤੇ 15 ਸਤੰਬਰ**

ਪੀ. ਏ. ਯੂ. ਦੇ ਕਿਸਾਨ ਮੇਲੇ ਇਹ ਸੰਦੇਸ਼ ਅਤੇ ਪ੍ਰਤੱਖ ਪ੍ਰਮਾਣ ਦਿੰਦੇ ਹਨ ਕਿ ਪੰਜਾਬ ਦੀ ਖੇਤੀ ਵਿੱਚ ਇਹਨਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ । ਸਾਰੇ ਤਜ਼ਰਬੇ ਅਤੇ ਇਕਾਈਆਂ ਦੇਖਣ ਤੋਂ ਬਾਅਦ ਕਿਸੇ ਵੀ ਸਹਾਇਕ ਧੰਦੇ ਨੂੰ ਅਪਣਾਉ ਅਤੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਲਗਾਏ ਜਾਂਦੇ ਸਿਖਲਾਈ ਪ੍ਰੋਗਰਾਮਾਂ ਵਿੱਚ ਆਪਣੇ ਜ਼ਿਲ੍ਹੇ ਮੁਤਾਬਿਕ ਨਾਮ ਲਿਖਵਾਓ ਤਾਂ ਜੋ ਕਿ ਤੁਹਾਨੂੰ ਉਸ ਕਿੱਤੇ ਦਾ ਕਿੱਤਾ-ਮੁਖੀ ਸਿਖਲਾਈ ਕੋਰਸ ਕਰਵਾਇਆ ਜਾ ਸਕੇ । ਇਸ ਕਿੱਤੇ ਦੀ ਟ੍ਰੇਨਿੰਗ ਤੁਹਾਡੇ ਗਿਆਨ ਵਿੱਚ ਬਹੁਤ ਵਾਧਾ ਕਰੇਗੀ ਅਤੇ ਇਹ ਕਿੱਤੇ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਅਤੀ ਮਹੱਤਵਪੂਰਨ ਸਹਾਈ ਸਿੱਧ ਹੋਣਗੇ । ਇਹਨਾਂ ਕਿੱਤਿਆਂ ਦੀ ਪਹਿਲ ਕਦਮੀ ਛੋਟੇ ਪੱਧਰ ਤੋਂ ਸ਼ੁਰੂ ਕੀਤੀ ਜਾਵੇ ਅਤੇ ਸਮੇਂ ਦੇ ਹਾਣੀ ਬਣਦੇ ਹੋਏ ਵੱਡੇ ਪੱਧਰ ਵੱਲ ਕਦਮ ਵਧਾਏ ਜਾਣ । ਇਸ ਉਪਰੰਤ ਕੋਸ਼ਿਸ਼ ਕੀਤੀ ਜਾਵੇ ਕਿ ਆਧੁਨਿਕ ਤਕਨੀਕਾਂ ਵਾਲੇ ਯੂਨਿਟ ਸਥਾਪਿਤ ਹੋ ਸਕਣ । ਅਜੋਕੇ ਸਮੇਂ ਵਿੱਚ ਲੇਬਰ ਦੀ ਵਧਦੀ ਸਮੱਸਿਆ ਵਿੱਚ ਅਤਿ ਆਧੁਨਿਕ ਯੂਨਿਟ ਬਹੁਤ ਹੀ ਕਾਮਯਾਬੀ ਵੱਲ ਵਧਦੇ ਕਦਮ ਹਨ । ਅਸੀਂ ਖੇਤੀਬਾੜੀ ਦੇ ਨਾਲ ਹੀ ਸਹਾਇਕ ਧੰਦਿਆਂ ਬਾਰੇ ਇਹਨਾਂ ਮੇਲਿਆਂ ਵਿੱਚੋਂ ਮਿਲੀ ਜਾਣਕਾਰੀ ਦਾ ਭਰਪੂਰ ਫਾਇਦਾ ਉਠਾ ਸਕਦੇ ਹਾਂ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਾਂ । ਇਹ ਸਾਰੇ ਪਹਿਲੂ ਸਾਡੇ ਰੋਜ਼ਮਰਾ ਦੇ ਖਰਚਿਆਂ ਦੀ ਪੂਰਤੀ ਅਤੇ ਪਰਿਵਾਰਿਕ ਲੋੜਾਂ ਲਈ ਆਮਦਨ ਸਰੋਤਾਂ ਦਾ ਵਾਧਾ ਕਰਦੇ ਹਨ । ਕਿਸਾਨ ਵੀਰੋ ! ਇਹਨਾਂ ਮੇਲਿਆਂ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਮੇਲਿਆਂ ਦੀ ਸ਼ਾਨ ਵਧਾਓ । ਇਹਨਾਂ ਮੇਲਿਆਂ ਵਿੱਚੋਂ ਗਿਆਨ ਹਾਸਿਲ ਕਰਕੇ ਆਪਣੇ ਜੀਵਨ ਪੱਧਰ ਵਿੱਚ ਨਿਖਾਰ ਲਿਆਓ ਅਤੇ ਆਪਣੀ ਖੇਤੀ ਨੂੰ ਵਿਗਿਆਨਿਕ ਲੀਹਾਂ 'ਤੇ ਤੋਰ ਕੇ ਸਫਲ ਬਣਾਓ ।

**ਅਜੀਤਪਾਲ ਸਿੰਘ ਧਾਲੀਵਾਲ,**
**ਗੁਰਦੀਪ ਸਿੰਘ ਅਤੇ ਵਿਨੈ ਸਿੰਘ ਪਠਾਣੀਆ,**
**ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ**
(ਮੋ. 88722-00121)








## ਸਮੱਸਿਆ ਨਹੀਂ, ਸਗੋਂ ਸੌਗਾਤ ਹੈ

# ਝੋਨੇ ਦੀ ਪਰਾਲੀ

ਗੁਰਮੀਤ ਸਿੰਘ ਬੁੱਟਰ,
ਨਿਰਦੇਸ਼ਕ ਪਸਾਰ ਸਿੱਖਿਆ

ਪੰਜਾਬ ਦੇ ਮੌਜੂਦਾ ਖੇਤੀ ਢਾਂਚੇ ਵਿੱਚ ਸਭ ਤੋਂ ਵੱਡੀ ਸਮੱਸਿਆ ਦੀ ਜੜ੍ਹ 'ਝੋਨਾ' ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਸੀ, ਪਰ ਦੇਸ਼ ਦੇ ਅੰਨ ਭੰਡਾਰ ਦੀ ਪੂਰਤੀ ਲਈ ਇਸ ਫ਼ਸਲ ਹੇਠ ਬੜੀ ਤੇਜ਼ੀ ਨਾਲ ਰਕਬਾ ਵਧਦਾ ਗਿਆ ਅਤੇ ਪੰਜਾਬ ਦੀਆਂ ਰਵਾਇਤੀ ਫ਼ਸਲਾਂ ਹੇਠ ਰਕਬਾ ਘਟਣਾ ਸ਼ੁਰੂ ਹੋ ਗਿਆ। ਇਸ ਸਮੇਂ ਪੰਜਾਬ ਦੇ ਤਕਰੀਬਨ 80 ਫੀਸਦੀ ਖੇਤੀਯੋਗ ਰਕਬੇ 'ਤੇ ਸਿਰਫ ਕਣਕ-ਝੋਨਾ ਫ਼ਸਲੀ ਚੱਕਰ ਹੀ ਪ੍ਰਮੁੱਖ ਬਣ ਗਿਆ ਹੈ। ਝੋਨੇ-ਕਣਕ ਫ਼ਸਲੀ ਚੱਕਰ ਕਾਰਨ 1960ਵਿਆਂ ਦੇ ਦਹਾਕੇ ਵਿੱਚ ਕਾਸ਼ਤ ਕੀਤੀਆਂ ਜਾਂਦੀਆਂ ਫ਼ਸਲਾਂ ਜਿਵੇਂ ਕਿ ਦਾਲਾਂ, ਤੇਲ ਬੀਜ, ਕਮਾਦ, ਮੱਕੀ, ਨਰਮਾ-ਕਪਾਹ, ਜੌਂਅ, ਬਾਜਰਾ ਆਦਿ ਦੇ ਰਕਬੇ ਵਿੱਚ ਬਹੁਤ ਵੱਡੀ ਪੱਧਰ 'ਤੇ ਖੋਰਾ ਲੱਗਾ ਹੈ ਅਤੇ ਕਈ ਫ਼ਸਲਾਂ ਹੇਠ ਤਾਂ ਨਾ-ਮਾਤਰ ਰਕਬਾ ਹੀ ਰਹਿ ਗਿਆ ਹੈ। 1970-71 ਤੋਂ 2021-22 ਤੱਕ ਦੇ ਤਕਰੀਬਨ 5 ਦਹਾਕਿਆਂ ਵਿੱਚ ਪੰਜਾਬ ਵਿੱਚ ਝੋਨੇ ਹੇਠ ਰਕਬਾ 3.90 ਲੱਖ ਹੈਕਟੇਅਰ ਤੋਂ ਵੱਧ ਕੇ 31.49 ਲੱਖ ਹੈਕਟੇਅਰ ਅਤੇ ਕਣਕ ਹੇਠ 22.9 ਲੱਖ ਹੈਕਟੇਅਰ ਤੋਂ ਵੱਧ ਕੇ 35.26 ਲੱਖ ਹੈਕਟੇਅਰ ਹੋ ਗਿਆ ਹੈ। ਇਸੇ ਤਰ੍ਹਾਂ ਪਿਛਲੇ 50 ਸਾਲਾਂ ਦੌਰਾਨ ਹੋਰ ਫ਼ਸਲਾਂ ਜਿਵੇਂ ਕਿ ਮੱਕੀ ਹੇਠ ਰਕਬਾ 5.55 ਲੱਖ ਹੈਕਟੇਅਰ ਤੋਂ ਘੱਟ ਕੇ 1.05 ਲੱਖ ਹੈਕਟੇਅਰ, ਦਾਲਾਂ ਹੇਠ 4.14 ਲੱਖ ਹੈਕਟੇਅਰ ਤੋਂ ਘੱਟ ਕੇ ਸਿਰਫ 62 ਹਜ਼ਾਰ ਹੈਕਟੇਅਰ ਅਤੇ ਤੇਲ ਬੀਜ ਫ਼ਸਲਾਂ ਹੇਠ ਰਕਬਾ 2.95 ਲੱਖ ਹੈਕਟੇਅਰ ਤੋਂ ਘੱਟ ਕੇ ਸਿਰਫ 0.49 ਲੱਖ ਹੈਕਟੇਅਰ ਹੀ ਰਹਿ ਗਿਆ ਹੈ। ਨਰਮੇ-ਕਪਾਹ ਹੇਠ ਰਕਬਾ 7.58 ਲੱਖ ਹੈਕਟੇਅਰ (1980-81) ਤੋਂ ਘੱਟ ਕੇ ਸਿਰਫ 2.51 ਲੱਖ ਹੈਕਟੇਅਰ ਰਹਿ ਗਿਆ ਹੈ। ਇਸੇ ਤਰ੍ਹਾਂ ਕਮਾਦ ਹੇਠ ਵੀ ਰਕਬਾ ਕਾਫ਼ੀ ਘਟਿਆ ਹੈ। ਇਸ ਫ਼ਸਲੀ ਚੱਕਰ ਬਦੌਲਤ ਪੰਜਾਬ ਸੂਬੇ ਨੇ ਦੇਸ਼ ਨੂੰ ਆਪਣੀ ਭੋਜਨ ਸੁਰੱਖਿਆ ਦੀ ਪੂਰਤੀ ਦੇ ਨਾਲ-ਨਾਲ ਹੋਰਨਾਂ ਦੇਸ਼ਾਂ ਨੂੰ ਭੋਜਨ ਪਦਾਰਥਾਂ ਦੇ ਨਿਰਯਾਤ ਕਰਨ ਦੇ ਕਾਬਲ ਤਾਂ ਕਰ ਦਿੱਤਾ, ਪਰ ਇਸ ਬਦਲੇ ਪੰਜਾਬ ਨੂੰ ਕੁਦਰਤੀ ਸਰੋਤ, ਵਾਤਾਵਰਣੀ ਸੰਤੁਲਨ, ਜੈਵਿਕ ਵਿਭਿੰਨਤਾ ਦੇ ਘਾਣ ਦੇ ਰੂਪ ਵਿੱਚ ਬਹੁਤ ਵੱਡੀ ਕੀਮਤ ਚੁਕਾਉਣੀ ਪੈ ਰਹੀ ਹੈ। ਪੰਜਾਬ ਵਿੱਚ ਇਸ ਵੇਲੇ ਕਣਕ-ਝੋਨੇ ਦੀਆਂ ਫ਼ਸਲਾਂ ਲਈ ਸਿੰਚਾਈ ਜ਼ਰੂਰਤਾਂ ਪੂਰੀਆਂ ਕਰਨ ਲਈ ਤਕਰੀਬਨ 14.76 ਲੱਖ ਟਿਊਬਵੈੱਲ ਚੱਲ ਰਹੇ ਹਨ, ਜੋ ਕਿ ਹਰੇਕ 2.85 ਹੈਕਟੇਅਰ ਰਕਬਾ ਪਿੱਛੇ ਇੱਕ ਟਿਊਬਵੈੱਲ ਬਣਦਾ ਹੈ ਅਤੇ ਇਸ ਲਈ ਬਿਜਲੀ ਦੀ ਬਹੁਤ ਵੱਡੀ ਪੱਧਰ 'ਤੇ ਖਪਤ ਹੋ ਰਹੀ ਹੈ। ਬਿਜਲੀ ਦੀ ਨਿਰੰਤਰ ਅਤੇ ਹਰ ਥਾਂ ਪੂਰਤੀ ਲਈ ਬਹੁਤ ਵਿਸ਼ਾਲ ਅਤੇ ਮਜ਼ਬੂਤ ਢਾਂਚਾ ਖੜ੍ਹਾ ਕਰਨਾ ਪਿਆ ਹੈ। ਇਸ ਤੋਂ ਇਲਾਵਾ ਵੱਡੀ ਪੱਧਰ 'ਤੇ ਖੇਤੀ ਮਸ਼ੀਨਰੀ ਦੀ ਵਰਤੋਂ ਹੋ ਰਹੀ ਹੈ।

ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਉਪਜੀਆਂ ਉਪਰੋਕਤ ਸਮੱਸਿਆਵਾਂ ਦੇ ਨਾਲ-ਨਾਲ ਇਹਨਾਂ ਫ਼ਸਲਾਂ ਦੀ ਰਹਿੰਦ-ਖੂੰਹਦ ਖਾਸ ਕਰਕੇ ਝੋਨੇ ਦੀ ਪਰਾਲੀ ਦੀ ਸੰਭਾਲ ਵੀ ਬੇਹੱਦ ਗੰਭੀਰ ਮਸਲਾ ਬਣਿਆ ਹੋਇਆ ਹੈ। ਬਹੁਤੇ ਕਿਸਾਨਾਂ ਵੱਲੋਂ ਝੋਨੇ ਦੀ ਕਟਾਈ ਤੋਂ ਬਾਅਦ ਫ਼ਸਲ ਦੀ ਰਹਿੰਦ-ਖੂੰਹਦ ਨੂੰ ਸਾੜ ਦਿੱਤੇ ਜਾਣ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨੂੰ ਅਤਿ ਗੰਭੀਰਤਾ ਨਾਲ ਲੈਂਦੇ ਹੋਏ ਸਰਕਾਰਾਂ ਅਤੇ ਸੰਬੰਧਿਤ ਸਰਕਾਰੀ ਅਦਾਰਿਆਂ ਨੂੰ ਇਸ ਸੰਬੰਧੀ ਠੋਸ ਉਪਰਾਲੇ ਕਰਨ ਲਈ ਮਜ਼ਬੂਰ ਹੀ ਨਹੀਂ ਕੀਤਾ, ਸਗੋਂ ਇਸ ਸੰਬੰਧੀ ਵੱਡੀ ਪੱਧਰ 'ਤੇ ਪ੍ਰਚਾਰ-ਪਸਾਰ ਅਤੇ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਮਸ਼ੀਨੀਕਰਨ ਵੀ ਕੀਤਾ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਹਨਾਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਸਾਰੀਆਂ ਤਕਨੀਕਾਂ ਉਤਪੰਨ ਕੀਤੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇਸ਼ ਦੀ ਇਕਲੌਤੀ ਯੂਨੀਵਰਸਿਟੀ ਹੈ, ਜਿਸ ਨੇ ਇਸ ਮਸਲੇ ਨੂੰ ਸਭ ਤੋਂ ਵੱਧ ਗੰਭੀਰਤਾ ਨਾਲ ਲੈ ਕੇ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਬਹੁਤ ਸਾਰੀਆਂ ਮਸ਼ੀਨਾਂ ਤਿਆਰ ਕਰਨ ਦੇ ਨਾਲ-ਨਾਲ ਝੋਨੇ ਦੀ ਪਰਾਲੀ ਦੀ ਸੁਚੱਜੀ ਵਰਤੋਂ ਲਈ ਬਹੁਤ ਸਾਰੀਆਂ ਤਕਨੀਕਾਂ ਈਜਾਦ ਕੀਤੀਆਂ ਹਨ।

ਪੰਜਾਬ ਵਿੱਚ 90 ਪ੍ਰਤੀਸ਼ਤ ਝੋਨਾ ਕੰਬਾਇਨਾਂ ਨਾਲ ਕੱਟਿਆ ਜਾਂਦਾ ਹੈ ਅਤੇ ਇਸ ਦੀ ਰਹਿੰਦ-ਖੂੰਹਦ ਨੂੰ ਕੁਝ ਕਿਸਾਨਾਂ ਵੱਲੋਂ ਸਾੜ ਦਿੱਤਾ ਜਾਂਦਾ ਹੈ, ਇਸ ਤੋਂ ਇਲਾਵਾ ਕਣਕ ਦੇ ਨਾੜ ਦੇ ਕੁਝ ਹਿੱਸੇ ਦੇ ਸਾੜਨ ਦਾ ਰੁਝਾਨ ਵੀ ਅਜੇ ਬਰਕਰਾਰ ਹੈ, ਭਾਵੇਂ ਕਿ ਇਸ ਵਿੱਚ ਪਿਛਲੇ ਸਾਲਾਂ ਦੇ ਮੁਕਾਬਲੇ ਕੁਝ ਠੱਲ੍ਹ ਜ਼ਰੂਰ ਪਈ ਹੈ। ਕਿਸਾਨ ਵੀਰੋ, ਫ਼ਸਲਾਂ ਦੀ ਰਹਿੰਦ-ਖੂੰਹਦ ਸੜਨ ਨਾਲ ਜਿੱਥੇ ਸਾਡਾ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਜ਼ਮੀਨ ਵਿਚਲੇ ਬਹੁਤ ਸਾਰੇ ਖੁਰਾਕੀ ਤੱਤ ਨਸ਼ਟ ਹੁੰਦੇ ਹਨ। ਯੂਨੀਵਰਸਿਟੀ ਦੀਆਂ ਖੋਜਾਂ ਮੁਤਾਬਿਕ ਅੱਗ ਦੀ ਤਪਸ਼ ਨਾਲ ਜ਼ਮੀਨ ਵਿਚਲੇ ਸੂਖਮ ਜੀਵਾਂ ਜੋ ਕਿ ਫ਼ਸਲਾਂ ਦੇ ਵਾਧੇ ਅਤੇ ਵਿਕਾਸ ਲਈ ਬਹੁਤ ਅਹਿਮ ਹੁੰਦੇ ਹਨ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਪਰਾਲੀ ਸੜਨ ਨਾਲ ਪੈਦਾ ਹੋਇਆ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਬੇਹੱਦ ਘਾਤਕ ਹੈ ਅਤੇ ਇਸ ਨਾਲ ਸਿਹਤ ਸੰਬੰਧੀ ਬਹੁਤ ਸਾਰੀਆਂ ਅਲਾਮਤਾਂ ਪੈਦਾ ਹੁੰਦੀਆਂ ਹਨ। ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਨਾਲ ਖੇਤਾਂ, ਬੰਨਿਆਂ, ਖਾਲਿਆਂ, ਨਹਿਰਾਂ, ਸੜਕਾਂ ਆਦਿ ਦੇ ਦੁਆਲੇ ਲੱਗੇ ਰੁੱਖ ਸੜ੍ਹ ਜਾਂਦੇ ਹਨ, ਜਿਸ ਨਾਲ ਸਾਡੇ ਆਲੇ-ਦੁਆਲੇ ਦੇ ਵਾਤਾਵਰਣ, ਪੰਛੀਆਂ ਅਤੇ ਹੋਰ ਜਾਨਵਰਾਂ ਦਾ ਖਾਤਮਾ ਹੋ ਰਿਹਾ ਹੈ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਤੋਂ ਨਿਕਲੇ ਧੂੰਏਂ ਕਾਰਨ ਬਹੁਤ ਸਾਰੇ ਹਾਦਸੇ ਵੀ ਵਾਪਰ ਜਾਂਦੇ ਹਨ ਅਤੇ ਕਈ ਕੀਮਤੀ ਜਾਨਾਂ ਦਾ ਨੁਕਸਾਨ ਹੁੰਦਾ ਹੈ। ਇੱਕ ਖੋਜ ਅਨੁਸਾਰ ਜੇਕਰ ਅਸੀਂ ਇੱਕ ਹੈਕਟੇਅਰ ਰਕਬੇ 'ਤੇ ਝੋਨੇ ਦੀ ਪਰਾਲੀ ਸਾੜ ਦਿੰਦੇ ਹਾਂ ਤਾਂ ਇਸ ਨਾਲ ਪ੍ਰਤੀ ਹੈਕਟੇਅਰ ਤਕਰੀਬਨ 33 ਕਿਲੋ ਨਾਈਟ੍ਰੋਜਨ, 13.8 ਕਿਲੋ ਫਾਸਫੋਰਸ, 150 ਕਿਲੋ ਪੋਟਾਸ਼ੀਅਮ, 9 ਕਿਲੋ ਗੰਧਕ ਅਤੇ 2400 ਕਿਲੋ ਕਾਰਬਨ ਅਤੇ ਹੋਰ ਤੱਤ ਨਸ਼ਟ ਹੋ ਜਾਂਦੇ ਹਨ।

ਸੋ ਕਿਸਾਨ ਵੀਰੋ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਵਜੋਂ ਕਈ ਮਸ਼ੀਨਾਂ ਅਤੇ ਹੋਰ ਤੌਰ-ਤਰੀਕਿਆਂ ਦੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਝੋਨੇ ਦੀ ਪਰਾਲੀ ਨੂੰ ਖੇਤ ਵਿੱਚੋਂ ਕੱਢੇ ਬਿਨ੍ਹਾਂ ਖੇਤ ਵਿੱਚ ਹੀ ਸੰਭਾਲ ਕਰਨ ਲਈ ਕਣਕ ਦੀ ਸਿੱਧੀ ਬਿਜਾਈ ਲਈ ਯੂਨੀਵਰਸਿਟੀ ਵੱਲੋਂ ਹੈਪੀ ਸੀਡਰ, ਸਮਾਰਟ ਸੀਡਰ ਅਤੇ ਸੁਪਰ ਸੀਡਰ ਮਸ਼ੀਨਾਂ ਤੋਂ ਇਲਾਵਾ ਚੌਪਰ/ਮਲਚਰ ਨਾਲ ਪਰਾਲੀ ਦਾ ਕੁਤਰਾ ਕਰਕੇ ਖੇਤ ਵਿੱਚ ਮਿਲਾਉਣ, ਐਮ. ਬੀ. ਪਲਾਓ (ਉਲਟਾਵੇਂ ਹੱਲ) ਨਾਲ ਮਿੱਟੀ ਵਿੱਚ ਮਿਲਾਉਣ ਅਤੇ ਚੌਪਰ ਚਲਾਉਣ ਤੋਂ ਬਾਅਦ ਕੁਤਰੀ ਹੋਈ ਪਰਾਲੀ ਵਾਲੇ ਖੇਤ ਨੂੰ ਹਲਕਾ ਪਾਣੀ ਲਾ ਕੇ ਰੋਟਰੀ ਪਡਲਰ (ਰੋਟਾਵੇਟਰ) ਦੀ ਮੱਦਦ ਨਾਲ ਇਸ ਪਰਾਲੀ ਨੂੰ ਬੜੀ ਆਸਾਨੀ ਨਾਲ ਜ਼ਮੀਨ ਵਿੱਚ ਮਿਲਾਉਣ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ। ਇਹਨਾਂ ਮਸ਼ੀਨਾਂ ਦੀ ਕਾਰਜ-ਕੁਸ਼ਲਤਾ ਵਧਾਉਣ ਲਈ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਵਿਕਸਿਤ ਕੀਤਾ ਗਿਆ ਹੈ, ਜੋ ਖੇਤ ਵਿੱਚ ਪਰਾਲੀ ਦਾ ਕੁਤਰਾ ਕਰਕੇ ਖਿਲਾਰ ਦਿੰਦਾ ਹੈ ਅਤੇ ਇਕਸਾਰ ਖਿਲਰੇ ਕੁਤਰੇ ਵਿੱਚ ਕਣਕ ਦੀ ਮਸ਼ੀਨ ਨਾਲ ਬਿਜਾਈ ਆਸਾਨੀ ਨਾਲ ਹੁੰਦੀ ਹੈ। ਉਪਰੋਕਤ ਤਰੀਕਿਆਂ ਤੋਂ ਇਲਾਵਾ ਯੂਨੀਵਰਸਿਟੀ ਨੇ ਝੋਨੇ ਦੀ ਪਰਾਲੀ ਨੂੰ ਸਾਂਭਣ ਦੀ ਇੱਕ ਸਸਤੀ ਅਤੇ ਸੌਖੀ ਤਕਨੀਕ, ਸਰਫੇਸ ਸੀਡਿੰਗ ਕਮ ਮਲਚਿੰਗ ਵੀ ਸਿਫਾਰਿਸ਼ ਕੀਤੀ ਹੈ, ਜਿਸ ਲਈ ਜ਼ਿਆਦਾ ਮਹਿੰਗੀਆਂ ਮਸ਼ੀਨਾਂ ਦੀ ਲੋੜ ਨਹੀਂ ਪੈਂਦੀ ਅਤੇ ਪੂਰੇ ਖੇਤ ਵਿੱਚ ਪਰਾਲੀ ਪਈ ਹੋਣ ਕਰਕੇ ਨਦੀਨ ਵੀ ਘੱਟ ਉੱਗਦੇ ਹਨ। ਇਸ ਤਕਨੀਕ ਵਿੱਚ ਕੰਬਾਈਨ ਨਾਲ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਬੀਜ ਅਤੇ ਮੁੱਢਲੀ ਖਾਦ ਦਾ ਇਕਸਾਰ ਛੱਟਾ ਦੇ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਖੜ੍ਹੇ ਮੁੱਢਾਂ ਨੂੰ ਕੱਟਣ ਲਈ ਇੱਕ ਵਾਰ 4-5 ਇੰਚ ਉਚਾ ਰੱਖ ਕੇ ਕਟਾਰ-ਕਮ-ਸਪਰੈਡਰ ਚਲਾ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਕਣਕ ਦੇ ਉੱਗਣ ਲਈ ਪਾਣੀ ਲਾ ਦਿੱਤਾ ਜਾਂਦਾ ਹੈ। ਯੂਨੀਵਰਸਿਟੀ ਦੇ ਲਗਾਤਾਰ 12 ਸਾਲ ਚੱਲਦੇ ਖੋਜ ਤਜ਼ਰਬਿਆਂ ਤੋਂ ਪਤਾ ਚੱਲਿਆ ਹੈ ਕਿ ਪਰਾਲੀ ਨੂੰ ਖੇਤ ਵਿੱਚ ਰੱਖਣ ਜਾਂ ਵਾਹੁਣ ਤੋਂ ਬਾਅਦ ਕਣਕ ਦੀ ਬਿਜਾਈ ਨਾਲ ਝੋਨੇ-ਕਣਕ ਦੀ ਕੁੱਲ ਉਤਪਾਦਕਤਾ ਵਿੱਚ ਤਕਰੀਬਨ 8-10 ਫੀਸਦੀ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਖੇਤ ਵਿੱਚ ਸੰਭਾਲਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵੱਧਦੀ ਹੈ। ਇਸ ਦੇ ਨਾਲ ਜ਼ਮੀਨ ਦੀ ਭੌਤਿਕ ਬਣਤਰ ਵਿੱਚ ਵੀ ਬਹੁਤ ਸੁਧਾਰ ਹੁੰਦਾ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਪੀ. ਆਰ.-121, ਪੀ. ਆਰ.-126 ਆਦਿ ਵਿਕਸਿਤ ਕੀਤੀਆਂ ਹਨ। ਇਹਨਾਂ ਦਾ ਪਰਾਲ ਘੱਟ ਹੁੰਦਾ ਹੈ। ਇਹ ਕਿਸਮਾਂ ਛੇਤੀ ਪੱਕਦੀਆਂ ਹਨ, ਜਿਸ ਨਾਲ ਪਰਾਲੀ ਦੀ ਸੰਭਾਲ ਲਈ ਵਾਧੂ ਸਮਾਂ ਮਿਲ ਜਾਂਦਾ ਹੈ।



ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਦੇ ਬਹੁਤ ਫਾਇਦੇ ਹਨ, ਪਰ ਪਰਾਲੀ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਇਸ ਨੂੰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਝੋਨੇ ਦੀ ਪਰਾਲੀ ਦੀ ਵਰਤੋਂ ਵੱਖ-ਵੱਖ ਖੇਤੀ ਅਤੇ ਬਾਗਬਾਨੀ ਫ਼ਸਲਾਂ ਵਿੱਚ ਮਲਚਿੰਗ ਕਰਨ, ਖੁੰਬਾਂ ਦੀ ਕਾਸ਼ਤ ਲਈ, ਪੈਕਿੰਗ ਕਰਨ ਲਈ, ਡੰਗਰਾਂ ਲਈ ਸੁੱਕ ਪਾਉਣ ਲਈ, ਕੰਪੋਸਟ ਬਣਾਉਣ ਲਈ, ਚਾਰਾ ਬਣਾਉਣ ਅਤੇ ਹੋਰ ਕਾਰਜਾਂ ਲਈ ਕੀਤੀ ਜਾਂਦੀ ਹੈ। ਝੋਨੇ ਦੀ ਪਰਾਲੀ ਇਕੱਠੀ ਕਰਕੇ ਇਸ ਦੀ ਵਰਤੋਂ ਖੇਤੀ ਅਤੇ ਬਾਗਬਾਨੀ ਫ਼ਸਲਾਂ ਵਿੱਚ ਮਲਚਿੰਗ ਦੇ ਤੌਰ 'ਤੇ ਕਰਨਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਸ ਦੀ ਸਹੀ ਤਰੀਕੇ ਨਾਲ ਵਰਤੋਂ ਸੰਬੰਧੀ ਢੁੱਕਵੀਆਂ ਸਿਫਾਰਿਸ਼ ਕੀਤੀਆਂ ਗਈਆਂ ਹਨ। ਬਾਗਬਾਨੀ ਫ਼ਸਲਾਂ ਵਿੱਚ ਪਰਾਲੀ ਦੀ ਮਲਚਿੰਗ ਕਰਨ ਨਾਲ ਨਾ ਸਿਰਫ ਪਾਣੀ ਦੀ ਬੱਚਤ ਹੁੰਦੀ ਹੈ, ਸਗੋਂ ਨਦੀਨਾਂ ਦੀ ਰੋਕਥਾਮ, ਫ਼ਸਲਾਂ ਦੇ ਝਾੜ ਅਤੇ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ। ਬਾਗਾਂ ਵਿੱਚ ਖ਼ਾਸ ਕਰਕੇ ਕਿੰਨੂ, ਅਮਰੂਦ, ਬੇਰ ਅਤੇ ਹੋਰ ਫਲਾਂ ਅਤੇ ਕਈ ਸਬਜ਼ੀਆਂ ਖਾਸ ਕਰਕੇ ਹਲਦੀ ਦੀ ਕਾਸ਼ਤ ਲਈ ਝੋਨੇ ਦੀ ਪਰਾਲੀ ਦੀ ਮਲਚਿੰਗ ਬੇਹੱਦ ਫਾਇਦੇਮੰਦ ਹੁੰਦੀ ਹੈ। ਇਸ ਤੋਂ ਇਲਾਵਾ ਬਿਜਲੀ ਪੈਦਾ ਕਰਨ ਲਈ ਅਤੇ ਗੱਤਾ ਬਣਾਉਣ ਲਈ ਵੀ ਪਰਾਲੀ ਨੂੰ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਵੱਡੇ ਪੱਧਰ 'ਤੇ ਪਰਾਲੀ ਇਕੱਠਾ ਕਰਨ ਲਈ ਬੇਲਰ ਮਸ਼ੀਨ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਉਪਰੋਕਤ ਤਰੀਕਿਆਂ ਨਾਲ ਝੋਨੇ ਦੀ ਪਰਾਲੀ ਦੀ ਸੁਚੱਜੀ ਸੰਭਾਲ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਨ, ਵਾਤਾਵਰਨ ਪ੍ਰਦੂਸ਼ਣ ਘਟਾਉਣ ਅਤੇ ਪਾਣੀ ਦੀ ਬੱਚਤ ਕਰਨ ਵਿੱਚ ਵੀ ਮੱਦਦ ਮਿਲੇਗੀ।

ਕਿਸਾਨ ਵੀਰੋ, ਆਉਣ ਵਾਲੇ ਸਮੇਂ ਵਿੱਚ ਝੋਨੇ ਦੀ ਵਾਢੀ ਦਾ ਸੀਜ਼ਨ ਚਾਲੂ ਹੋਣਾ ਹੈ ਅਤੇ ਤੁਹਾਨੂੰ ਸਾਰਿਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਤੁਸੀਂ ਝੋਨੇ ਦੀ ਪਰਾਲੀ ਨੂੰ ਨਾ ਸਾੜਿਓ ਕਿਉਂਕਿ ਇਸ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉਸ ਦੇ ਨਾਲ-ਨਾਲ ਵੱਡੀ ਮਾਤਰਾ ਵਿੱਚ ਖੁਰਾਕੀ ਤੱਤ ਅਤੇ ਸੂਖਮ ਜੀਵਾਣੂਆਂ ਦਾ ਨੁਕਸਾਨ ਹੁੰਦਾ ਹੈ। ਝੋਨੇ ਦੇ ਨਾੜ ਦਾ ਧੂੰਆਂ ਮਨੁੱਖੀ ਸਿਹਤ ਲਈ ਵੀ ਬਹੁਤ ਮਾੜਾ ਹੁੰਦਾ ਹੈ। ਸੋ, ਇਹ ਜ਼ਰੂਰੀ ਹੈ ਕਿ ਆਪਣੇ ਪਿੰਡ ਪੱਧਰ 'ਤੇ ਕਮੇਟੀਆਂ ਬਣਾ ਕੇ ਹਰ ਹੀਲੇ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਸਖਤੀ ਨਾਲ ਰੋਕੀਏ ਅਤੇ ਆਪਣੀ ਜ਼ਮੀਨ ਦੀ ਸਿਹਤ, ਪੌਣ-ਪਾਣੀ ਦੀ ਰੱਖਿਆ ਅਤੇ ਆਪਣੇ ਬਜ਼ੁਰਗਾਂ, ਬੱਚਿਆਂ ਅਤੇ ਹੋਰ ਪਰਿਵਾਰਕ ਜੀਆਂ ਨੂੰ ਤੰਦਰੁਸਤ ਰਹਿਣ ਵਿੱਚ ਮੱਦਦ ਕਰੀਏ।

ਕਿਸਾਨ ਵੀਰੋ, ਆਉਣ ਵਾਲੇ ਸਮੇਂ ਵਿੱਚ ਝੋਨੇ ਦੀ ਵਾਢੀ ਦਾ ਸੀਜ਼ਨ ਚਾਲੂ ਹੋਣਾ ਹੈ ਅਤੇ ਤੁਹਾਨੂੰ ਸਾਰਿਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਤੁਸੀਂ ਝੋਨੇ ਦੀ ਪਰਾਲੀ ਨੂੰ ਨਾਂ ਸਾੜਿਓ ਕਿਉਂਕਿ ਇਸ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉਸ ਦੇ ਨਾਲ-ਨਾਲ ਵੱਡੀ ਮਾਤਰਾ ਵਿੱਚ ਖੁਰਾਕੀ ਤੱਤ ਅਤੇ ਸੂਖਮ ਜੀਵਾਣੂਆਂ ਦਾ ਨੁਕਸਾਨ ਹੁੰਦਾ ਹੈ। ਝੋਨੇ ਦੇ ਨਾੜ ਦਾ ਧੂੰਆਂ ਮਨੁੱਖੀ ਸਿਹਤ ਲਈ ਵੀ ਬਹੁਤ ਮਾੜਾ ਹੁੰਦਾ ਹੈ। ਸੋ, ਇਹ ਜ਼ਰੂਰੀ ਹੈ ਕਿ ਆਪਣੇ ਪਿੰਡ ਪੱਧਰ 'ਤੇ ਕਮੇਟੀਆਂ ਬਣਾ ਕੇ ਹਰ ਹੀਲੇ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਸਖਤੀ ਨਾਲ ਰੋਕੀਏ ਅਤੇ ਆਪਣੀ ਜ਼ਮੀਨ ਦੀ ਸਿਹਤ, ਪੌਣ-ਪਾਣੀ ਦੀ ਰੱਖਿਆ ਅਤੇ ਆਪਣੇ ਬਜ਼ੁਰਗਾਂ, ਬੱਚਿਆਂ ਅਤੇ ਹੋਰ ਪਰਿਵਾਰਕ ਜੀਆਂ ਨੂੰ ਤੰਦਰੁਸਤ ਰਹਿਣ ਵਿੱਚ ਮੱਦਦ ਕਰੀਏ।



# ਆਲੂ ਦਾ ਮਿਆਰੀ ਬੀਜ ਤਿਆਰ ਕਰਨ ਲਈ ਸੀਡ ਪਲਾਟ ਤਕਨੀਕ ਅਪਣਾਓ

ਅਮਨਦੀਪ ਕੌਰ, ਸੁਮਨ ਕੁਮਾਰੀ ਅਤੇ ਹਰਿੰਦਰ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ

ਸਬਜ਼ੀਆਂ ਵਿੱਚ ਆਲੂ ਇੱਕ ਮਹੱਤਵਪੂਰਨ ਫ਼ਸਲ ਹੈ। ਦੇਸ਼ ਦੇ ਬਾਕੀ ਰਾਜਾਂ ਦੇ ਮੁਕਾਬਲੇ ਪੰਜਾਬ ਵਿੱਚ ਆਲੂਆਂ ਦੀ ਉਤਪਾਦਕਤਾ ਕਾਫ਼ੀ ਜ਼ਿਆਦਾ ਹੈ ਅਤੇ ਇੱਥੇ ਪੈਦਾ ਕੀਤਾ ਗਿਆ ਬੀਜ ਆਲੂ ਵੱਖ-ਵੱਖ ਰਾਜਾਂ ਨੂੰ ਭੇਜਿਆ ਜਾਂਦਾ ਹੈ, ਜਿਵੇਂ ਕਿ ਪੱਛਮੀ ਬੰਗਾਲ, ਬਿਹਾਰ, ਕਰਨਾਟਕਾ, ਮਹਾਰਾਸ਼ਟਰਾ, ਆਂਧਰਾ ਪ੍ਰਦੇਸ਼ ਆਦਿ। ਪੰਜਾਬ ਦੇ ਆਲੂਆਂ ਹੇਠ ਰਕਬੇ ਦਾ 30 ਪ੍ਰਤੀਸ਼ਤ ਯੋਗਦਾਨ ਕਪੂਰਥਲਾ ਅਤੇ ਜਲੰਧਰ ਜ਼ਿਲ੍ਹੇ ਪਾਉਂਦੇ ਹਨ। ਕਿਸੇ ਵੀ ਫ਼ਸਲ ਤੋਂ ਮਿਆਰੀ ਬੀਜ ਤਿਆਰ ਕਰਨ ਅਤੇ ਵੱਧ ਝਾੜ ਲੈਣ ਲਈ ਬੀਜ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਬੀਜ ਇੱਕ ਮਹੱਤਵਪੂਰਨ ਨਿਵੇਸ਼ ਹੈ, ਜੋ ਉਤਪਾਦਨ ਦੀ ਕੁੱਲ ਲਾਗਤ ਦਾ 30 ਪ੍ਰਤੀਸ਼ਤ ਹਿੱਸਾ ਬਣਦਾ ਹੈ। ਬਿਨਾਂ ਬਦਲੇ ਇੱਕੋ ਬੀਜ ਦੀ ਲਗਾਤਾਰ ਵਰਤੋਂ ਨਾਲ ਬੀਜ ਦੀ ਗੁਣਵੱਤਾ ਘਟਦੀ ਹੈ। ਮੈਦਾਨੀ ਇਲਾਕਿਆਂ ਵਿੱਚ ਸੀਡ ਪਲਾਟ ਤਕਨੀਕ ਰਾਹੀਂ ਆਲੂ ਦਾ ਮਿਆਰੀ ਬੀਜ ਸਫਲਤਾਪੂਰਵਕ ਪੈਦਾ ਕੀਤਾ ਜਾ ਸਕਦਾ ਹੈ। ਇਸ ਵਿਧੀ ਦਾ ਮੁੱਖ ਮੰਤਵ ਹੈ, ਪੰਜਾਬ ਵਿੱਚ ਉਸ ਸਮੇਂ ਆਲੂ ਦੀ ਨਿਰੋਗ ਫ਼ਸਲ ਲੈਣੀ ਜਦੋਂ ਤੇਲੇ ਦੀ ਗਿਣਤੀ ਘੱਟ ਤੋਂ ਘੱਟ ਹੋਵੇ ਤਾਂ ਜੋ ਵਿਸ਼ਾਣੂ ਰੋਗ ਨਾ ਫੈਲ ਸਕਣ।

## ਸੀਡ ਪਲਾਟ ਤਕਨੀਕ ਰਾਹੀਂ ਬੀਜ ਆਲੂ ਤਿਆਰ ਕਰਨ ਦੀ ਵਿਧੀ :

★ ਬੀਜ ਆਲੂ ਤਿਆਰ ਕਰਨ ਲਈ ਉਹ ਖੇਤ ਚੁਣੋ, ਜਿਹੜਾ ਕਿ ਬਿਮਾਰੀ ਫੈਲਾਉਣ ਵਾਲੇ ਜੀਵਾਣੂੰ/ਉੱਲ੍ਹੀ ਆਦਿ ਜਿਵੇਂ ਕਿ ਖਰੀਂਢ ਰੋਗ ਅਤੇ ਆਲੂਆਂ ਦਾ ਕੋਹੜ ਆਦਿ ਤੋਂ ਰਹਿਤ ਹੋਵੇ।

★ ਬਿਜਾਈ ਲਈ ਵਰਤਿਆ ਜਾਣ ਵਾਲਾ ਬੀਜ ਸਿਹਤਮੰਦ ਅਤੇ ਵਿਸ਼ਾਣੂ ਮੁਕਤ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਇਹ ਬੀਜ ਕਿਸੇ ਭਰੋਸੇਯੋਗ ਅਦਾਰੇ ਤੋਂ ਖਰੀਦੋ। ਕੋਲਡ ਸਟੋਰ ਤੋਂ ਆਏ ਹੋਏ ਆਲੂਆਂ ਨੂੰ ਛਾਂਟ ਕੇ ਬਿਮਾਰੀ ਵਾਲੇ ਅਤੇ ਗਲੇ-ਸੜੇ ਆਲੂਆਂ ਨੂੰ ਜ਼ਮੀਨ ਵਿੱਚ ਡੂੰਘਾ ਦਬਾ ਦਿਉ।

★ ਕੋਲਡ ਸਟੋਰ ਤੋਂ ਲਿਆਂਦੇ ਗਏ ਆਲੂਆਂ ਨੂੰ ਤੁਰੰਤ ਨਾ ਬੀਜੋ। ਬਿਜਾਈ ਤੋਂ 10-15 ਦਿਨ ਪਹਿਲਾਂ ਆਲੂਆਂ ਨੂੰ ਕੋਲਡ ਸਟੋਰ ਤੋਂ ਬਾਹਰ ਕੱਢ ਲਉ ਅਤੇ ਬਲੋਅਰ ਆਦਿ ਜਾਂ ਛਾਵੇਂ ਰੱਖ ਕੇ ਹਵਾਦਾਰ ਥਾਂ 'ਤੇ ਸੁਕਾ ਲਉ।

★ ਬਿਜਾਈ ਤੋਂ ਪਹਿਲਾਂ ਆਲੂਆਂ ਦੀ ਸੋਧ ਕਰਨੀ ਬਹੁਤ ਜ਼ਰੂਰੀ ਹੈ, ਤਾਂ ਜੋ ਫ਼ਸਲ ਨੂੰ ਖਰੀਂਢ ਰੋਗ ਤੋਂ ਬਚਾਇਆ ਜਾ ਸਕੇ। ਬੀਜ ਨੂੰ ਸੋਧਣ ਲਈ ਆਲੂਆਂ ਨੂੰ 10 ਮਿੰਟ ਲਈ ਸਿਸਟੀਵਾ 80 ਮਿ. ਲੀ. ਜਾਂ 83 ਮਿ. ਲੀ. ਇਮੈਸਟੋ ਪ੍ਰਾਈਮ ਜਾਂ 250 ਮਿ. ਲੀ. ਮੋਨਸਰਨ ਨੂੰ 100 ਲੀਟਰ ਪਾਣੀ ਵਿੱਚ ਡੋਬ ਕੇ ਰੱਖੋ।

★ ਸੋਧੇ ਹੋਏ ਆਲੂਆਂ ਨੂੰ 8-10 ਦਿਨਾਂ ਲਈ ਪਤਲੀਆਂ ਪਰਤਾਂ ਵਿੱਚ ਛਾਂਦਾਰ ਅਤੇ ਖੁੱਲ੍ਹੀ ਜਗ੍ਹਾਂ ਵਿੱਚ ਰੱਖੋ, ਤਾਂ ਜੋ ਉਹ ਬਿਜਾਈ ਤੱਕ ਪੁੰਗਰ ਸਕਣ। ਪੁੰਗਰੇ ਹੋਏ ਆਲੂ ਵਰਤਣ ਨਾਲ ਫ਼ਸਲ ਦਾ ਜੰਮ ਵਧੀਆ ਅਤੇ ਇਕਸਾਰ ਹੁੰਦਾ ਹੈ, ਬੀਜ ਆਕਾਰ ਦੇ ਆਲੂ ਜ਼ਿਆਦਾ ਮਿਲਦੇ ਹਨ ਅਤੇ ਝਾੜ ਜ਼ਿਆਦਾ ਮਿਲਦਾ ਹੈ। ਫਾਊਂਡੇਸ਼ਨ ਬੀਜ ਤਿਆਰ ਕਰਨ ਲਈ ਦੂਸਰੀ ਕਿਸਮ ਨਾਲੋਂ ਘੱਟੋ-ਘੱਟ 25 ਮੀਟਰ ਜਦੋਂਕਿ ਪ੍ਰਮਾਣਿਤ ਬੀਜ ਲਈ 10 ਮੀਟਰ ਦੀ ਦੂਰੀ ਚਾਹੀਦੀ ਹੈ।

★ ਫ਼ਸਲ ਦੀ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ 50×15 ਸੈਂਟੀਮੀਟਰ ਦੀ ਦੂਰੀ 'ਤੇ ਕਰੋ। ਮਸ਼ੀਨ ਨਾਲ ਬਿਜਾਈ ਲਈ ਇਹ ਫਾਸਲਾ 65×15 ਜਾਂ 75×15 ਸੈਂਟੀਮੀਟਰ ਰੱਖੋ। 40-50 ਗ੍ਰਾਮ ਭਾਰ ਦੇ 12-18 ਕੁਇੰਟਲ ਆਲੂ ਇੱਕ ਏਕੜ ਦੀ ਬਿਜਾਈ ਲਈ ਕਾਫੀ ਹਨ। ਇੱਕ ਏਕੜ ਦੀ ਫ਼ਸਲ ਦੇ ਬੀਜ ਤੋਂ 8-10 ਏਕੜ ਫ਼ਸਲ ਦੀ ਬਿਜਾਈ ਕੀਤੀ ਜਾ ਸਕਦੀ ਹੈ।

★ ਤੇਲਾ ਜੋ ਕਿ ਵਿਸ਼ਾਣੂ ਰੋਗ ਜਿਵੇਂ ਕਿ ਪੋਟੈਟੋ ਵਾਇਰਸ X, ਪੋਟੈਟੋ ਵਾਇਰਸ Y ਨੂੰ ਫੈਲਾ ਕੇ ਬੀਜ ਦੀ ਗੁਣਵੱਤਾ ਘਟਾਉਂਦਾ ਹੈ, ਇਸ ਤੋਂ ਬਚਾਅ ਲਈ ਫ਼ਸਲ ਨੂੰ 300 ਮਿਲੀਲੀਟਰ ਮੈਟਾਸਿਸਟਾਕਸ 25 ਈ. ਸੀ. (ਔਕਸੀਡੈਮੀਟੋਨ ਮੀਥਾਇਲ) ਨੂੰ 80-100 ਲੀਟਰ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਮੈਟਾਸਿਸਟਾਕਸ ਦਾ ਛਿੜਕਾਅ ਕਦੇ ਵੀ ਆਲੂ ਪੁੱਟਣ ਦੇ ਤਿੰਨ ਹਫਤੇ ਦੇ ਅੰਦਰ ਨਾ ਕਰੋ।

★ ਨਦੀਨਾਂ ਤੋਂ ਬਚਾਅ ਲਈ ਸੈਨਕੋਰ 70 ਡਬਲਯੂ. ਪੀ. 200 ਗ੍ਰਾਮ ਦੇ ਹਿਸਾਬ ਨਾਲ ਨਦੀਨਾਂ ਦੇ ਜੰਮ ਤੋਂ ਪਹਿਲਾਂ ਅਤੇ ਪਹਿਲੇ ਪਾਣੀ ਤੋਂ ਬਾਅਦ ਛਿੜਕਾਅ ਕਰੋ।

★ ਬੀਜ ਵਾਲੀ ਫ਼ਸਲ ਨੂੰ ਦੂਸਰੀ ਕਿਸਮ ਦੇ ਬੂਟੇ ਅਤੇ ਬੀਮਾਰੀ ਵਾਲੇ ਬੂਟਿਆਂ ਤੋਂ ਮੁਕਤ ਰੱਖਣ ਲਈ ਫ਼ਸਲ ਦਾ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ, ਪਹਿਲਾ ਨਿਰੀਖਣ ਬਿਜਾਈ ਤੋਂ 50 ਦਿਨ ਬਾਅਦ, ਦੂਸਰਾ ਨਿਰੀਖਣ 65 ਦਿਨ ਅਤੇ ਤੀਸਰਾ 80 ਦਿਨਾਂ ਬਾਅਦ ਕਰੋ।

★ ਪਹਿਲੀ ਸਿੰਚਾਈ ਬਿਜਾਈ ਤੋਂ ਤੁਰੰਤ ਬਾਅਦ ਅਤੇ ਹਲਕੀ ਕਰੋ। ਸਿੰਚਾਈ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਦੇ ਉੱਪਰ ਨਾ ਚੜ੍ਹੇ, ਕਿਉਂਕਿ ਇਸ ਤਰ੍ਹਾਂ ਵੱਟਾਂ ਦੀ ਮਿੱਟੀ ਸੁੱਕ ਕੇ ਸਖਤ ਹੋ ਜਾਂਦੀ ਹੈ ਅਤੇ ਆਲੂਆਂ ਦੇ ਜੰਮ ਅਤੇ ਵਾਧੇ 'ਤੇ ਮਾੜਾ ਅਸਰ ਪੈਂਦਾ ਹੈ। ਹਲਕੀਆਂ ਜ਼ਮੀਨਾਂ ਵਿੱਚ 5-7 ਦਿਨਾਂ ਦੇ ਵਕਫੇ ਅਤੇ ਭਾਰੀਆਂ ਜ਼ਮੀਨਾਂ ਵਿੱਚ 8-10 ਵਕਫੇ 'ਤੇ ਸਿੰਚਾਈ ਕਰੋ।

★ ਆਲੂਆਂ ਦੀ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਬਿਮਾਰੀ ਕੁਝ ਹੀ ਦਿਨਾਂ ਵਿੱਚ ਬਹੁਤ ਜ਼ਿਆਦਾ ਫੈਲ ਜਾਂਦੀ ਹੈ ਅਤੇ ਫ਼ਸਲ ਦਾ ਬਹੁਤ ਨੁਕਸਾਨ ਕਰ ਦਿੰਦੀ ਹੈ। ਇਸ ਬਿਮਾਰੀ ਤੋਂ ਬਚਾਅ ਲਈ ਨਵੰਬਰ ਦੇ ਪਹਿਲੇ ਹਫਤੇ ਫ਼ਸਲ 'ਤੇ ਇੰਡੋਫਿਲ ਐਮ-45/ਕਵਚ/ਐਂਟਰਾਕੋਲ 500-700 ਗ੍ਰਾਮ ਪ੍ਰਤੀ ਏਕੜ ਨੂੰ 250-350 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 7-7 ਦਿਨਾਂ ਦੇ ਵਕਫੇ 'ਤੇ ਇਸ ਛਿੜਕਾਅ ਨੂੰ 5 ਵਾਰ ਦੁਹਰਾਉ। ਜਿੱਥੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ, ਤੀਜਾ ਤੇ ਚੌਥਾ ਛਿੜਕਾਅ ਰਿਡੋਮਿਲ ਗੋਲਡ ਜਾਂ ਕਰਜ਼ੇਟ ਐਮ-8 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਵਕਫੇ 'ਤੇ ਛਿੜਕਾਅ ਕਰੋ।

★ 25 ਦਸੰਬਰ ਤੋਂ ਪਹਿਲਾਂ-ਪਹਿਲਾਂ ਜਦੋਂ ਬੀਜ ਵਾਲੇ ਆਲੂ ਦਾ ਭਾਰ 50 ਗ੍ਰਾਮ ਤੋਂ ਘੱਟ ਹੋਵੇ ਅਤੇ ਤੇਲੇ ਦੀ ਗਿਣਤੀ 20 ਕੀੜੇ ਪ੍ਰਤੀ 100 ਪੱਤੇ ਹੋਣ ਤਾਂ ਵੇਲਾਂ ਕੱਟ ਦਿਉ।

★ ਵੇਲਾਂ ਕੱਟਣ ਤੋਂ ਬਾਅਦ ਆਲੂਆਂ ਨੂੰ 15-20 ਦਿਨਾਂ ਲਈ ਜ਼ਮੀਨ ਵਿੱਚ ਹੀ ਰਹਿਣ ਦਿਉ ਤਾਂ ਜੋ ਆਲੂ ਦੀ ਚਮੜੀ ਸਖਤ ਹੋ ਜਾਵੇ ਅਤੇ ਪੂਰੀ ਤਰ੍ਹਾਂ ਤਿਆਰ ਹੋ ਜਾਣ। ਪੁਆਈ ਤੋਂ ਬਾਅਦ ਆਲੂਆਂ ਨੂੰ 15-20 ਦਿਨ ਲਈ ਛਾਂ ਵਾਲੀ ਥਾਂ 'ਤੇ ਢੇਰਾਂ ਵਿੱਚ ਰੱਖੋ।

★ ਆਲੂਆਂ ਦੀ ਛਾਂਟੀ ਕਰਕੇ ਖਰਾਬ ਅਤੇ ਕੱਟ ਲੱਗੇ ਆਲੂ ਵੱਖਰੇ ਕਰ ਲਉ। ਬਾਅਦ ਵਿੱਚ ਆਲੂਆਂ ਦੀ ਦਰਜਾਬੰਦੀ ਕਰਕੇ ਉਹਨਾਂ ਨੂੰ ਕੀਟਾਣੂ-ਰਹਿਤ ਥੈਲਿਆਂ ਵਿੱਚ ਭਰ ਲਉ ਅਤੇ ਸੀਲ ਬੰਦ ਕਰ ਦਿਉ। ਇਹ ਆਲੂ ਅਗਲੇ ਸਾਲ ਵਰਤਣ ਲਈ ਸਤੰਬਰ ਤੱਕ ਕੋਲਡ ਸਟੋਰ ਵਿੱਚ ਰੱਖੋ, ਜਿੱਥੇ ਤਾਪਮਾਨ 2-4 ਡਿਗਰੀ ਸੈਂਟੀਗ੍ਰੇਡ ਹੋਵੇ ਅਤੇ ਨਮੀ ਦੀ ਮਾਤਰਾ 75-80% ਹੋਵੇ।

ਇਸ ਵਿਧੀ ਨਾਲ ਤਿਆਰ ਕੀਤਾ ਬੀਜ ਆਲੂ ਅਰੋਗ ਅਤੇ ਵਿਸ਼ਾਣੂ ਰੋਗਾਂ ਤੋਂ ਰਹਿਤ ਹੋਵੇਗਾ, ਜਿਸ ਤੋਂ ਵਧੇਰੇ ਝਾੜ ਦੇਣ ਵਾਲੀ ਅਤੇ ਮਿਆਰੀ ਫਸਲ ਲਈ ਜਾ ਸਕਦੀ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : kdpublications@yahoo.co.in

www.khetiduniyan.in

ਸਾਲ 41 ਅੰਕ 36
ਮਿਤੀ 09-09-2023

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


### ਪਿਤਾ ਨੂੰ ਖੇਤਾਂ ਵਿੱਚ ਦੇਖ ਕੇ ਐਮ.ਐਸਸੀ. ਹੋਰਟੀਕਲਚਰ ਕਰਨ ਤੋਂ ਬਾਅਦ ਨੌਕਰੀ ਦੀ ਬਜਾਏ ਖੇਤੀ ਨੂੰ ਚੁਣਿਆ

# ਹੁਸ਼ਿਆਰਪੁਰ ਦੇ ਫੁਲਗਾਨਾ ਪਿੰਡ ਦੇ ਅਗਾਂਹਵਧੂ ਕਿਸਾਨ ਅੰਮ੍ਰਿਤਪਾਲ ਸਿੰਘ ਰੰਧਾਵਾ 20 ਏਕੜ ਵਿੱਚ 450 ਕੁਇੰਟਲ ਹਲਦੀ ਦਾ ਕਰਦੇ ਹਨ ਕਾਰੋਬਾਰ

ਪੰਜਾਬ ਵਿੱਚ ਖੇਤੀ ਅਤੇ ਬਾਗਬਾਨੀ ਖੇਤਰ ਵਿੱਚ ਬਹੁਤ ਵਧੀਆ ਯੋਗਦਾਨ ਦੇਣ ਵਾਲੇ ਰਾਜ ਦੇ ਪ੍ਰੋਗਰੈਸਿਵ ਕਿਸਾਨਾਂ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਫੁਲਗਾਨਾ ਪਿੰਡ ਦੇ ਨਿਵਾਸੀ ਕਿਸਾਨ ਅੰਮ੍ਰਿਤਪਾਲ ਸਿੰਘ ਰੰਧਾਵਾ ਦਾ ਨਾਮ ਵਿਸ਼ੇਸ਼ ਤੌਰ 'ਤੇ ਲਿਆ ਜਾਂਦਾ ਹੈ । ਬਚਪਨ ਤੋਂ ਹੀ ਖੇਤੀ ਦੇ ਖੇਤਰ ਵਿੱਚ ਕੰਮ ਕਰਨ ਦੀ ਚਾਹ ਰੱਖਣ ਵਾਲੇ ਰੰਧਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਐਮ. ਐਸਸੀ. ਹੋਰਟੀਕਲਚਰ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਦਾ ਮੋਹ ਛੱਡ ਕੇ ਪਿੰਡ ਵਿੱਚ ਹੀ ਇਸ ਸਮੇਂ ਕੁੱਲ 54 ਏਕੜ ਵਿੱਚੋਂ 20 ਏਕੜ ਵਿੱਚ ਹਲਦੀ ਦੇ ਨਾਲ ਨਾਸ਼ਪਾਤੀ, ਆਲੂ ਬੁਖਾਰਾ ਅਤੇ ਆਲੂ ਦੇ ਬੀਜ ਅਤੇ ਮੱਕੀ ਦੀ ਖੇਤੀ ਕਰ ਰਹੇ ਹਨ । ਉਹ ਇਸ ਦੇ ਨਾਲ ਕਿਸਾਨਾਂ ਨੂੰ ਕਿਸਾਨੀ ਨਾਲ ਜੋੜਨ ਦੀ ਦਿਸ਼ਾ ਵਿੱਚ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਉਤਸ਼ਾਹਿਤ ਕਰ ਰਹੇ ਹਨ । ਅੰਮ੍ਰਿਤਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਕਿਸਾਨ ਝੋਨੇ ਅਤੇ ਕਣਕ ਦੇ ਫ਼ਸਲ-ਚੱਕਰ ਤੋਂ ਬਾਹਰ ਨਿਕਲੇ



ਤਾਂ ਘੱਟ ਸਮੇਂ ਵਿੱਚ ਜ਼ਿਆਦਾ ਰੁਪਏ ਕਮਾ ਸਕਦਾ ਹੈ ।

ਉਨ੍ਹਾਂ ਦੱਸਿਆ ਕਿ ਘਰ ਵਿੱਚ ਚਾਚਾ ਅਤੇ ਤਾਇਆ ਫੌਜ ਵਿੱਚ ਉੱਚ ਪੱਦ 'ਤੇ ਹਨ । ਪਿਤਾ ਇਕਬਾਲ ਸਿੰਘ ਇੰਗਲੈਂਡ ਤੋਂ ਪਰਤਣ ਬਾਅਦ ਖੇਤੀਬਾੜੀ ਵਿੱਚ ਦਿਲਚਸਪੀ ਲੈਣ ਲੱਗੇ । ਜਿਨ੍ਹਾਂ ਨੂੰ ਖੇਤਾਂ ਵਿੱਚ ਮਿਹਨਤ ਕਰਦੇ ਦੇਖ ਉਨ੍ਹਾਂ ਨੇ ਪ੍ਰਣ ਕੀਤਾ ਕਿ ਖੇਤੀਬਾੜੀ ਨੂੰ ਹੀ ਆਪਣਾ ਕੈਰੀਅਰ ਬਣਾਵਾਂਗਾ । ਡੀ. ਪੀ. ਐਸ. ਜਲੰਧਰ ਤੋਂ 12ਵੀਂ ਕਰਨ ਤੋਂ ਬਾਅਦ ਚਾਹੁੰਦੇ ਤਾਂ ਮੈਡੀਕਲ ਵਿੱਚ ਜਾ ਸਕਦੇ ਸਨ, ਪਰੰਤੂ ਬੀ. ਐਸਸੀ. ਕਰਨ ਤੋਂ ਬਾਅਦ ਹੀ ਐਮ. ਐਸਸੀ. ਹੋਰਟੀਕਲਚਰ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਿਲਾ ਲਿਆ ਅਤੇ ਕਾਲਜ ਤੋਂ ਬਾਹਰ ਨਿਕਲਦੇ ਹੀ 1997 ਵਿੱਚ ਪੋਪਲਰ ਅਤੇ ਸਫੈਦੇ ਦੇ ਪੇੜਾਂ ਵਿਚਾਲੇ ਹਲਦੀ ਦੀ ਖੇਤੀ ਸ਼ੁਰੂ ਕਰ ਦਿੱਤੀ ।

### ਯੂ-ਟਿਊਬ ਤੋਂ ਨਹੀਂ, ਆਪਣੇ ਤਜ਼ਰਬੇ ਦੀ ਕਰੋ ਸਹੀ ਵਰਤੋਂ

ਅਗਾਂਹਵਧੂ ਕਿਸਾਨ ਅੰਮ੍ਰਿਤਪਾਲ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਅੱਜਕਲ੍ਹ ਕਿਸਾਨ ਯੂ-ਟਿਊਬ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਚਾਰ ਦੇਖ ਖੇਤੀ ਕਰਦੇ ਹਨ, ਪਰੰਤੂ ਇਸ ਵਿੱਚ ਅਕਸਰ ਲੋਕਾਂ ਨੂੰ ਧੋਖਾ ਮਿਲਦਾ ਹੈ । ਜੇਕਰ ਖੁਦ ਦਾ ਤਜ਼ਰਬਾ ਨਹੀਂ ਹੈ ਤਾਂ ਕਿਸੇ ਜਾਣਕਾਰ ਨਾਲ ਮਿਲ ਕੇ ਇਸ ਦਿਸ਼ਾ ਵਿੱਚ ਅੱਗੇ ਵਧੋ ।

### 2001 ਵਿੱਚ ਹਲਦੀ ਦਾ ਲਗਾਇਆ ਪ੍ਰੋਸੈਸਿੰਗ ਪਲਾਂਟ

ਅੰਮ੍ਰਿਤਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਸ਼ੁਰੂਆਤ ਵਿੱਚ



ਕੱਚੀ ਹਲਦੀ ਨਾਲ ਕੰਮ ਸ਼ੁਰੂ ਕੀਤਾ ਸੀ, ਪਰੰਤੂ ਮਾਰਕੀਟ ਵਿੱਚ ਡਿਮਾਂਡ ਘੱਟ ਹੋਣ ਦੇ ਕਾਰਨ ਸਾਲ 2001 ਵਿੱਚ 20 ਏਕੜ ਵਿੱਚ ਹਲਦੀ ਦੀ ਖੇਤੀ ਸ਼ੁਰੂ ਕੀਤੀ ਸੀ । ਇਸੇ ਦੌਰਾਨ ਪ੍ਰੋਸੈਸਿੰਗ ਪਲਾਂਟ ਲਗਾ ਕੇ ਹਲਦੀ ਦਾ ਪਾਊਡਰ ਵੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ । ਇਸ ਸਮੇਂ ਉਹ ਸਾਲਾਨਾ 450 ਕੁਇੰਟਲ ਹਲਦੀ ਦੀ ਸਫਲ ਮਾਰਕੀਟਿੰਗ ਸਥਾਨਕ ਪੱਧਰ 'ਤੇ ਕਰ ਰਹੇ ਹਨ । ਇੱਕ ਏਕੜ ਵਿੱਚ ਹਲਦੀ ਤਿਆਰ ਕਰਨ ਵਿੱਚ 6 ਤੋਂ ਸਾਢੇ 6 ਹਜ਼ਾਰ ਰੁਪਏ ਦਾ ਖਰਚ ਆਉਂਦਾ ਹੈ । ਉੱਥੇ ਹੀ ਸਹੀ ਢੰਗ ਨਾਲ ਕੰਮ ਕਰਨ 'ਤੇ ਬਾਜ਼ਾਰ ਵਿੱਚ ਕਿਸਾਨ ਆਸਾਨੀ ਨਾਲ 20 ਹਜ਼ਾਰ ਰੁਪਏ ਪ੍ਰਤੀ ਏਕੜ ਆਮਦਨੀ ਪ੍ਰਾਪਤ ਕਰ ਸਕਦਾ ਹੈ ।

# ਖੇਤੀ ਵਿੱਚ ਨਵੀਆਂ ਪੈੜਾਂ ਪਾਉਂਦਾ ਸਫਲ ਕਿਸਾਨ : ਸ: ਗੁਰਬਚਨ ਸਿੰਘ

ਸ. ਗੁਰਬਚਨ ਸਿੰਘ ਸਪੁੱਤਰ ਸ. ਕੇਹਰ ਸਿੰਘ, ਪਿੰਡ ਬੁਰਜ ਦੇਵਾ ਸਿੰਘ, ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ 62 ਸਾਲਾ ਕਿਸਾਨ ਹੈ, ਜੋ ਕਿ 1984 ਤੋਂ ਖੇਤੀ ਕਰ ਰਿਹਾ ਹੈ । ਇਹ ਕਿਸਾਨ ਆਪਣੇ ਆਪ ਵਿੱਚ ਇੱਕ ਵਿਲੱਖਣ ਸਖਸ਼ੀਅਤ ਹੈ, ਜੋ ਕਿ 2001 ਤੋਂ ਫ਼ਸਲਾਂ ਦੀ ਰਹਿੰਦ-ਖੂੰਹਦ ਖੇਤਾਂ ਵਿੱਚ ਮਿਲਾ ਰਿਹਾ ਹੈ ਅਤੇ ਸੰਨ 2006-2007 ਤੋਂ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰ ਰਿਹਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਇਸ ਨੇ ਹਮੇਸ਼ਾਂ ਸੇਧ ਲਈ ਹੈ ਅਤੇ ਹਰ ਨਵੀਂ ਤਕਨੀਕ ਨੂੰ ਆਪਣੇ ਖੇਤਾਂ ਵਿੱਚ ਤਜ਼ਰਬਾ ਕਰਕੇ ਵੇਖਦਾ ਹੈ । ਹਾੜ੍ਹੀ 2022-23 ਦੌਰਾਨ ਵੀ ਇਸ ਨੇ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਮਲਚਿੰਗ ਤਕਨੀਕ ਰਾਹੀਂ 32 ਏਕੜ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਸੀ ਅਤੇ ਇਸ ਦਾ ਔਸਤਨ ਝਾੜ 21.0 ਕੁਇੰਟਲ ਰਿਹਾ । ਇਸ ਤਕਨੀਕ ਨੂੰ ਏਨੇ ਵੱਡੇ ਪੱਧਰ ਉੱਤੇ ਤਜ਼ਰਬਾ ਕਰਕੇ ਇਸ ਨੇ ਇਲਾਕੇ ਦੇ ਬਾਕੀ ਕਿਸਾਨਾਂ ਦਾ ਵੀ ਹੌਂਸਲਾ ਵਧਾਇਆ । ਉਸ ਅਨੁਸਾਰ ਇਸ ਸਾਲ ਕਾਫੀ ਹਨੇਰੀ ਅਤੇ ਮੀਹਾਂ ਦੇ ਬਾਵਜੂਦ ਵੀ ਉਸਦੀ



ਕਣਕ ਡਿੱਗੀ ਨਹੀਂ ਅਤੇ ਝਾੜ ਵਿੱਚ ਵੀ ਕੋਈ ਗਿਰਾਵਟ ਨਹੀਂ ਆਈ । ਉਸ ਦੇ ਖੇਤ ਨਦੀਨਾਂ ਤੋਂ ਵੀ ਮੁਕਤ ਹਨ ਅਤੇ ਬਿਜਾਈ ਵਿੱਚ ਕੋਈ ਖਾਸ ਖਰਚਾ ਵੀ ਨਹੀਂ ਆਇਆ । ਇਸ ਕਿਸਾਨ ਨੇ ਦੱਸਿਆ ਕਿ ਸਰਫੇਸ ਸੀਡਿੰਗ ਤਕਨੀਕ ਨਾਲ ਬੀਜੀ ਕਣਕ ਦਾ ਖਰਚਾ ਤਕਰੀਬਨ 700 ਰੁਪਏ ਪ੍ਰਤੀ ਏਕੜ ਦਾ ਆਇਆ, ਜੋ ਕਿ ਕਟਰ ਚਲਾਉਣ ਵੇਲੇ ਡੀਜ਼ਲ ਖਰਚਾ ਅਤੇ ਬੀਜ ਦੇ ਨਾਲ ਖਾਦ ਦਾ ਛਿੱਟਾ ਦੇਣ ਦਾ ਖਰਚਾ ਹੈ । ਕਿਸਾਨ ਨੇ ਦੱਸਿਆ ਕਿ ਪਹਿਲਾਂ ਉਹ ਹੈਪੀ ਸੀਡਰ ਨਾਲ ਕਣਕ ਬੀਜਦਾ ਸੀ ਅਤੇ ਸਾਲ 2022 ਦੌਰਾਨ ਪਹਿਲੀ ਵਾਰ ਉਸ ਨੇ ਸਰਫੇਸ ਸੀਡਿੰਗ ਨਾਲ ਕਣਕ ਦੀ ਬਿਜਾਈ ਕੀਤੀ ਅਤੇ ਦੋਵੇਂ ਤਕਨੀਕਾਂ ਹੀ ਉਸ ਨੂੰ ਬਹੁਤ ਵਧੀਆ ਲੱਗੀਆਂ । ਉਸ ਦੇ ਕਹਿਣ ਮੁਤਾਬਿਕ ਜੇਕਰ ਕਿਸੇ ਕਿਸਾਨ ਕੋਲ ਕੋਈ ਵੱਡੀ ਮਸ਼ੀਨਰੀ ਨਹੀਂ ਹੈ ਤਾਂ ਉਹ ਇਸ ਵਿਧੀ ਨਾਲ ਕਣਕ ਜ਼ਰੂਰ ਬੀਜ ਲਵੇ, ਕਿਉਂਕਿ ਇੱਕ ਤਾਂ ਬਿਜਾਈ ਵੇਲੇ ਖਰਚਾ ਘੱਟ, ਦੂਸਰਾ ਪਰਾਲੀ ਦੀ ਤਹਿ ਕਾਰਨ ਗੁੱਲੀ ਡੰਡੇ ਵਰਗੇ ਨਦੀਨ ਦੀ ਰੋਕਥਾਮ ਅਤੇ ਤੀਸਰਾ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਵਾਧਾ । ਇਸ ਕਿਸਾਨ ਵੱਲੋਂ ਦੁੱਧ ਦੇ ਉਤਪਾਦਨ ਦੇ ਨਾਲ-ਨਾਲ ਕਾਫ਼ੀ ਪਦਾਰਥ ਵੀ ਤਿਆਰ ਕੀਤੇ ਜਾਂਦੇ ਹਨ, ਜਿਵੇਂ ਕਿ ਮਠਿਆਈਆਂ, ਕੁਲਫੀ ਆਦਿ ਅਤੇ ਆਪਣੀ ਆਮਦਨ ਵਿੱਚ ਵੀ ਵਾਧਾ ਕੀਤਾ ਜਾਂਦਾ ਹੈ । ਇਸ ਦਾ ਉਤਸ਼ਾਹ ਵਧਾਉਣ ਲਈ ਇਸ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਵੀ ਉਚੇਚੇ ਤੌਰ 'ਤੇ ਇਹਨਾਂ ਦੇ ਖੇਤਾਂ ਦਾ ਦੌਰਾ ਕਰਨ ਪਹੁੰਚੇ । ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵੀ ਸ. ਗੁਰਬਚਨ ਸਿੰਘ ਦਾ ਜ਼ਿਕਰ ਕਰਕੇ ਆਪਣੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਕੀਤਾ ਹੋਇਆ ਹੈ । ਇਹ ਕਿਸਾਨ ਤਰਨਤਾਰਨ ਜ਼ਿਲ੍ਹੇ ਲਈ ਹੀ ਨਹੀਂ ਸਾਰੇ ਪੰਜਾਬ ਲਈ ਇੱਕ ਚਾਨਣ ਮੁਨਾਰਾ ਹੈ ।


**ਪਰਮਿੰਦਰ ਸਿੰਘ ਸੰਧੂ, ਅਮਿਤ ਕੌਲ ਅਤੇ ਜਸਵੀਰ ਸਿੰਘ ਗਿੱਲ,**
**ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 98882-99130)

# ਪੂਸਾ ਸਰ੍ਹੋਂ ਦੀ ਖੇਤੀ ਕਿਸਾਨ ਕਰਨ ਤਾਂ ਹੋ ਸਕਦੇ ਹਨ - ਮਾਲਾਮਾਲ

ਪੰਜਾਬ 'ਚ ਸਰ੍ਹੋਂ ਦੀ ਖੇਤੀ ਘੱਟ ਰਹੀ ਹੈ ਪਰ ਵੱਧ ਕਮਾਈ ਕਿਸਾਨਾਂ ਨੂੰ ਸਰ੍ਹੋਂ ਤੋਂ ਹੀ ਹੋ ਸਕਦੀ ਹੈ। ਜੇਕਰ ਕਿਸਾਨ ਪੂਸਾ ਸਰ੍ਹੋਂ ਦੀ ਖੇਤੀ ਕਰਨ ਲੱਗ ਜਾਣ, ਇਸ ਸਮੇਂ ਪੰਜਾਬ 'ਚ ਪੂਸਾ ਸਰ੍ਹੋਂ ਦੀ ਬਹੁਤ ਘੱਟ ਖੇਤੀ ਕੀਤੀ ਜਾ ਰਹੀ ਹੈ। ਪਰ ਹੁਣ ਇਸ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਅਤੇ ਸਰ੍ਹੋਂ ਦੀ ਖੇਤੀ ਤੋਂ ਹੋਣ ਵਾਲੇ ਮੁਨਾਫੇ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਦਾਣੇ ਦੇ ਮੋਟੇ ਹੋਣ ਕਾਰਨ ਤੇਲ ਦਾ ਉਤਪਾਦਨ ਆਮ ਸਰ੍ਹੋਂ ਦੇ ਮੁਕਾਬਲੇ 3 ਗੁਣਾਂ ਵੱਧ ਹੋਵੇਗਾ।

ਇਹ ਪੰਜਾਬ, ਰਾਜਸਥਾਨ, ਗੁਜਰਾਤ, ਦਿੱਲੀ ਅਤੇ ਮਹਾਰਾਸ਼ਟਰ ਦੇ ਖੇਤਰਾਂ 'ਚ ਵਧੇਰੇ ਉਗਾਇਆ ਜਾਂਦਾ ਹੈ। ਫਸਲ 130 ਤੋਂ 140 ਦਿਨਾਂ 'ਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਪੰਜਾਬ ਦੇ ਕਿਸਾਨ, ਜਿਨ੍ਹਾਂ ਦੀ ਰੋਜ਼ੀ-ਰੋਟੀ ਦਾ ਅੱਧੇ ਤੋਂ ਵੱਧ ਸਰੋਤ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ, ਉਹ ਹੁਣ ਵੱਧ ਤੋਂ ਵੱਧ ਲਾਭ ਦੇਣ ਵਾਲੀਆਂ ਸੁਧਰੀਆਂ ਕਿਸਮਾਂ ਵੱਲ ਵਧ ਰਹੇ ਹਨ। ਸਰਕਾਰ ਦੇ ਸਹਿਯੋਗ ਨਾਲ ਉਹ ਆਪਣੇ ਖੇਤੀ ਉਤਪਾਦਨ ਵਿਚ ਨਵੀਨਤਾਕਾਰੀ ਤਰੀਕਿਆਂ ਨਾਲ ਸੁਧਾਰ ਕਰ ਰਹੇ ਹਨ।

### ਪੂਸਾ ਸਰ੍ਹੋਂ ਵਿਸ਼ੇਸ਼ਤਾਵਾਂ ਅਤੇ ਫਾਇਦੇ

**1. ਘੱਟ ਐਸਿਡ ਸਮੱਗਰੀ** : ਪੂਸਾ ਸਰ੍ਹੋਂ-32 'ਚ ਵਿਲੱਖਣ ਗੁਣਾਂ ਦੇ ਨਾਲ ਘੱਟ ਐਸਿਡ ਤੱਤ ਹੁੰਦਾ ਹੈ, ਜੋ ਦਿਲ ਦੀਆਂ ਬਿਮਾਰੀਆਂ ਨੂੰ ਘਟਾਉਣ 'ਚ ਮਦਦ ਕਰਦਾ ਹੈ।

## 130 ਦਿਨਾਂ 'ਚ ਫਸਲ ਤਿਆਰ ਹੋ ਜਾਂਦੀ ਹੈ

**2. ਵੱਧ ਉਤਪਾਦਨ** : ਇਸ ਸੁਧਰੀ ਕਿਸਮ ਦੀ ਚੋਣ ਕਰਕੇ, ਕਿਸਾਨ ਆਪਣੇ ਉਤਪਾਦਨ 'ਚ ਲਗਭਗ 10 ਕੁਇੰਟਲ ਪ੍ਰਤੀ ਹੈਕਟੇਅਰ ਵਾਧਾ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਲਈ ਵੱਧ ਮੁਨਾਫਾ ਯਕੀਨੀ ਹੋ ਸਕਦਾ ਹੈ।



**3. ਕਮਾਈ ਵਧੇਗੀ** : ਪੂਸਾ ਸਰ੍ਹੋਂ-32 ਦੀ ਕਾਸ਼ਤ ਨਾਲ ਕਿਸਾਨ ਪ੍ਰਤੀ ਹੈਕਟੇਅਰ 1.16 ਲੱਖ ਰੁਪਏ ਕਮਾ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਰਵਾਇਤੀ ਸਰ੍ਹੋਂ ਦੀ ਕਾਸ਼ਤ ਨਾਲੋਂ ਵੱਧ ਆਮਦਨ ਹੋ ਸਕਦੀ ਹੈ।

**4. ਤੇਲ ਦੀ ਬਿਹਤਰ ਗੁਣਵੱਤਾ** : ਪੂਸਾ ਸਰ੍ਹੋਂ-32 ਦੇ ਬੀਜਾਂ ਤੋਂ ਕੱਢੇ ਗਏ ਤੇਲ 'ਚ ਘੱਟ ਝੱਗ ਹੁੰਦੀ ਹੈ, ਨਤੀਜੇ ਵਜੋਂ ਤੇਲ ਦੀ ਗੁਣਵੱਤਾ ਵਧੀਆ ਹੁੰਦੀ ਹੈ।

**5. ਪਸ਼ੂਆਂ ਦੀ ਖੁਰਾਕ ਲਈ ਸੁਰੱਖਿਅਤ** : ਪੂਸਾ ਸਰ੍ਹੋਂ-32 ਨੂੰ ਗਲੂਕੋਸਿਨੋਲੇਟ ਦੀ ਘੱਟ ਮਾਤਰਾ ਵਾਲੇ ਜਾਨਵਰਾਂ ਲਈ ਪਸ਼ੂ ਖੁਰਾਕ ਵਜੋਂ ਵਰਤਿਆ ਜਾ ਸਕਦਾ ਹੈ, ਜੋ ਉਨ੍ਹਾਂ ਨੂੰ ਪਾਲਣ ਲਈ ਇਕ ਸੁਰੱਖਿਅਤ ਬਦਲ ਮੁਹੱਈਆ ਕਰ ਸਕਦਾ ਹੈ।

**6. ਤੇਜ਼ੀ ਨਾਲ ਪੱਕਣ ਵਾਲੀ ਸਰ੍ਹੋਂ** : ਪੂਸਾ ਸਰ੍ਹੋਂ-32 ਇਕ ਵਿਲੱਖਣ ਤੇਜ਼ੀ ਨਾਲ ਪੱਕਣ ਵਾਲੀ ਕਿਸਮ ਹੈ, ਜੋ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਲਈ ਜਲਦੀ ਫਲ ਦਿੰਦੀ ਹੈ।

ਪੂਸਾ ਸਰ੍ਹੋਂ-27-ਇਹ ਕਿਸਮ ਭਾਰਤੀ ਖੇਤੀ ਖੋਜ ਕੇਂਦਰ, ਪੂਸਾ, ਦਿੱਲੀ ਦੁਆਰਾ ਵਿਕਸਤ ਕੀਤੀ ਗਈ ਹੈ। ਇਹ ਕਿਸਮ ਅਗੇਤੀ ਬਿਜਾਈ ਲਈ ਵੀ ਢੁੱਕਵੀਂ ਹੈ ਭਾਵ ਕਿਸਾਨ ਇਸ ਕਿਸਮ ਦੀ ਕਾਸ਼ਤ ਨਿਰਧਾਰਤ ਮਹੀਨਿਆਂ ਤੋਂ ਪਹਿਲਾਂ ਹੀ ਕਰ ਸਕਦੇ ਹਨ। ਫਸਲ 125 ਤੋਂ 140 ਦਿਨਾਂ 'ਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ 'ਚ ਤੇਲ ਦੀ ਮਾਤਰਾ 38 ਤੋਂ 45 ਫੀਸਦੀ ਤੱਕ ਹੁੰਦੀ ਹੈ। ਇਸ ਕਿਸਮ ਦੀ ਉਤਪਾਦਨ ਸਮਰੱਥਾ 14 ਤੋਂ 16 ਕੁਇੰਟਲ ਪ੍ਰਤੀ ਹੈਕਟੇਅਰ ਹੈ।

ਇਸ ਉਪਰਾਲੇ ਨਾਲ ਉਮੀਦ ਕੀਤੀ ਜਾ ਰਹੀ ਹੈ ਕਿ ਪੂਸਾ ਸਰ੍ਹੋਂ ਦੀ ਨਵੀਂ ਸੁਧਰੀ ਕਿਸਮ-32 ਦੀ ਕਾਸ਼ਤ ਕਰਕੇ ਕਿਸਾਨ ਅਗਲੇ ਹਾੜ੍ਹੀ ਦੇ ਸੀਜ਼ਨ 'ਚ ਤਿੰਨ ਗੁਣਾ ਮੁਨਾਫਾ ਕਮਾ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਪੱਖੋਂ ਵੀ ਮਦਦ ਮਿਲੇਗੀ। ਇਹ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੈ, ਜੋ ਕਿ ਭਾਰਤੀ ਕਿਸਾਨਾਂ ਨੂੰ ਵੱਧ ਤੋਂ ਵੱਧ ਲਾਭ ਦੇਣ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਸਾਬਤ ਹੋ ਸਕਦਾ ਹੈ। ਸ਼ਾਹਕੋਟ ਦੇ ਕਿਸਾਨ ਜਸਵਿੰਦਰ ਸਿੰਘ, ਮਲਕੀਤ ਸਿੰਘ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਚਾਰ ਸਾਲ ਤੋਂ ਪੂਸਾ ਸਰ੍ਹੋਂ ਦੀ ਖੇਤੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਖੇਤੀ ਕਰਨ ਨਾਲ ਕਾਫੀ ਮੁਨਾਫਾ ਹੋਇਆ ਹੈ। ਇਹ ਖੇਤੀ ਕਰਨ ਲਈ ਘੱਟ ਪੈਸੇ ਲੱਗਦੇ ਹਨ ਅਤੇ ਵਧੇਰੇ ਮਾਤਰਾ ਵਿਚ ਮੁਨਾਫਾ ਹੁੰਦਾ ਹੈ। ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਪੂਸਾ ਸਰ੍ਹੋਂ ਦੀ ਖੇਤੀ ਕਰਨ ਲਈ ਪ੍ਰੇਰਿਤ ਕੀਤਾ।

# ਜੈਵਿਕ ਵਿਧੀ ਰਾਹੀ ਪੌਸ਼ਟਿਕ ਫਲ ਬਗੀਚੀ ਲਗਾਓ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਫਲਾਂ ਦੀ ਪੌਸ਼ਟਿਕ ਬਗੀਚੀ ਦਾ ਇਕ ਮਾਡਲ ਤਿਆਰ ਕੀਤਾ ਗਿਆ ਹੈ। ਇਹ ਮਾਡਲ ਘਰੇਲੂ ਪੱਧਰ ਤੇ ਸਾਰਾ ਸਾਲ ਫਲ ਪ੍ਰਾਪਤ ਕਰਨ ਲਈ ਹੈ। ਇਸ ਮਾਡਲ ਰਾਹੀਂ 625 ਵਰਗ ਮੀਟਰ ਰਕਬੇ (25 ਮੀਟਰ × 25 ਮੀਟਰ) ਵਿਚ ਵੱਖ-ਵੱਖ ਤੱਰ੍ਹਾਂ ਦਾ 23 ਫਲਦਾਰ ਬੂਟਿਆਂ ਦੀ ਘਰੇਲੂ ਪੌਸ਼ਟਿਕ ਬਗੀਚੀ ਲਗਾਉਣ ਦੀ ਸਿਫਰਿਸ਼ ਕੀਤੀ ਜਾਂਦੀ ਹੈ। ਫਲ ਲੰਬੇ ਸਮੇਂ ਦੀ ਫਸਲ ਹੁੰਦੀ ਹੈ, ਇਸ ਲਈ ਬਗੀਚੀ ਬਣਾਉਣ ਵਾਸਤੇ ਫਲਾਂ ਦੀ ਚੋਣ, ਕਿਸਮ, ਦਿਸ਼ਾ ਆਦਿ ਬਹੁਤ ਮਹੱਤਤਾ ਰੱਖਦੇ ਹਨ। ਫਲਾਂ ਦੀ ਪੌਸ਼ਟਿਕ ਬਗੀਚੀ ਸਥਾਪਤ ਕਰਨ ਸਮੇਂ ਵੱਖ-ਵੱਖ ਫਲਾਂ ਲਈ ਦਿੱਤੀਆਂ ਗਈਆਂ ਸਿਫਾਰਿਸ਼ਾਂ ਜਿਵੇਂ ਕਿ ਫਲਾਂ ਦੀ ਕਿਸਮ, ਬੂਟੇ ਲਾਉਣ ਦਾ ਸਮਾਂ, ਢੰਗ, ਉਪਲੱਬਧਤਾ, ਮੁੱਢਲੀ ਦੇਖ-ਭਾਲ, ਕਾਂਟ-ਛਾਂਟ, ਸਿੰਚਾਈ, ਖਾਦਾਂ, ਕੀੜੇ-ਮਕੌੜੇ, ਬਿਮਾਰੀਆਂ, ਫਲ ਦੀ ਤੁੜਾਈ ਆਦਿ ਨੂੰ ਜਰੂਰ ਧਿਆਨ ਵਿਚ ਰੱਖ ਕੇ ਅਪਣਾਉ ਤਾਂ ਹੀ ਸਾਰਾ ਸਾਲ ਫਲ ਪ੍ਰਾਪਤ ਹੁੰਦੇ ਰਹਿਣਗੇ।



### ਕੁਦਰਤੀ/ਜੈਵਿਕ ਵਿਧੀ ਰਾਹੀਂ ਪੌਸ਼ਟਿਕ ਫਲ ਬਗੀਚੀ ਦੀ ਸਾਂਭ-ਸੰਭਾਲ

★ **ਬੂਟੇ ਲਾਉਣ ਦਾ ਸਮਾਂ** : ਸਦਾਬਹਾਰ ਫਲਦਾਰ ਬੂਟੇ ਲਾਉਣ ਦੇ ਸਮਾਂ ਹੈ ਫਰਵਰੀ-ਮਾਰਚ ਤੇ ਸਤੰਬਰ-ਅਕਤੂਬਰ। ਨਿੰਬੂ ਜਾਤੀ ਦੇ ਬੂਟੇ, ਅੰਬ ਅਤੇ ਲੀਚੀ ਸਤੰਬਰ-ਅਕਤੂਬਰ ਵਿਚ ਲਾਉਣੇ ਚਾਹੀਦੇ ਹਨ। ਪੱਤਝੜੀ ਫਲਦਾਰ ਬੂਟੇ ਸਰਦੀਆਂ ਵਿਚ ਲਾਏ ਜਾਂਦੇ ਹਨ। ਇਹ ਬੂਟੇ ਨਵੀਂ ਫੋਟ ਸ਼ੁਰੂ ਹੋਣ ਤੋਂ ਪਹਿਲਾਂ ਅੱਧ ਜਨਵਰੀ ਤੱਕ ਜ਼ਰੂਰ ਲਾ ਦਿਉ, ਜਿਵੇਂ ਕਿ ਆੜੂ ਅਤੇ ਅਲੂਚਾ। ਨਾਸ਼ਪਾਤੀ ਅਤੇ ਅੰਗੂਰ ਅੱਧ ਫਰਵਰੀ ਤੱਕ ਲਾ ਦਿਉ।

★ **ਨਦੀਨਾਂ ਦੀ ਰੋਕਥਾਮ** ਲਈ, ਲੋੜ ਮੁਤਾਬਕ ਬੂਟਿਆਂ ਵਿਚ ਗੋਡੀ ਕਰੋ। ਨਦੀਨ-ਨਾਸ਼ਕਾਂ ਦੀ ਵਰਤੋਂ ਤੋਂ ਗੁਰੇਜ਼ ਕਰੋ। ਨਦੀਨਾਂ ਦੀ ਰੋਕਥਾਮ ਲਈ ਖਾਸ ਤੌਰ 'ਤੇ ਬੂਟਿਆਂ ਦੇ ਆਲੇ ਦੁਆਲੇ ਜ਼ਮੀਨ ਦੀ ਤਹਿ ਤੇ ਪਰਾਲੀ ਜਾਂ ਪਲਾਸਟਿਕ ਦੀ ਤਹਿ ਵਿਛਾ ਕੇ (ਮਲਚਿੰਗ) ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਗਰਮੀਆਂ ਵਿਚ ਬੂਟਿਆਂ ਨੂੰ ਪਾਣੀ ਦੀ ਵੀ ਘੱਟ ਲੋੜ ਪੈਂਦੀ ਹੈ।

★ **ਬਗੀਚੀ ਵਿਚ ਰਸਾਇਣਕ ਖਾਦਾਂ ਦੀ ਬਜਾਏ ਜੈਵਿਕ ਖਾਦਾਂ ਦੀ** ਵਰਤੋਂ ਕਰੋ। ਜੈਵਿਕ ਖਾਦ ਘਰੇਲੂ ਬਗੀਚੀ ਲਈ ਆਪ ਵੀ ਬਣਾਈ ਜਾ ਸਕਦੀ ਹੈ। ਇਸ ਲਈ ਫਲਾਂ ਦੀ ਪੌਸ਼ਟਿਕ ਬਗੀਚੀ ਦੇ ਕਿਸੇ ਇਕ ਪਾਸੇ ਛੋਟਾ ਟੋਇਆ ਬਣਾਓ, ਜਿਸ ਵਿਚ ਬਗੀਚੀ 'ਚੋਂ ਡਿੱਗੇ ਸੁੱਕੇ ਪੱਤੇ, ਟਹਿਣੀਆਂ ਆਦਿ, ਲਗਾਤਾਰ ਪਾਉਂਦੇ ਰਹੋ ਅਤੇ ਉਸ ਵਿਚ ਥੋੜ੍ਹੀ ਰੂੜੀ ਖਾਦ ਅਤੇ ਖੇਤ ਦੀ ਮਿੱਟੀ ਵੀ ਮਿਲਾਓ। ਇਸ ਵਿਧੀ ਰਾਹੀਂ 5-6 ਮਹੀਨਿਆਂ ਵਿਚ ਤਿਆਰ ਹੋਈ ਜੈਵਿਕ ਖਾਦ, ਫਲਦਾਰ ਬੂਟਿਆਂ ਦੇ ਵਾਧੇ ਲਈ ਰੂੜੀ ਦੀ ਖਾਦ ਨਾਲੋਂ ਵੀ ਲਾਹੇਵੰਦ ਹੁੰਦੀ ਹੈ।

★ **ਕੀਟ-ਪਤੰਗਾ ਦੀ ਰੋਕਥਾਮ** ਲਈ ਜੈਵਿਕ-ਕੀਟ ਨਾਸ਼ਕ ਜਿਵੇਂ ਕਿ ਨਿੰਮ ਦੇ ਪਾਣੀ ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਅਮਰੂਦ, ਕਿੰਨੂ, ਨਾਸ਼ਪਾਤੀ, ਆੜੂ ਅਤੇ ਅਲੂਚੇ (ਆਲੂ-ਬੁਖਾਰੇ) ਵਿਚ ਫਲ ਦੀ ਮੱਖੀ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਬਜਾਏ ਫਰੂਟ ਫਲਾਈ ਟਰੈਪਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

★ **ਸਿਉਂਕ ਤੋਂ ਬਚਾਅ** ਲਈ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਖਾਦ ਦੀ ਫਲਦਾਰ ਬੂਟਿਆਂ ਵਿਚ ਵਰਤੋਂ ਕਰਨੀ ਚਾਹੀਦੀ ਹੈ ਜਾਂ ਘੜੇ ਤੋਂ ਬਣੇ ਸਿਉਂਕ ਟਰੈਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਡਿੰਪੀ ਰੈਨਾ, ਫਲ ਵਿਗਿਆਨ ਵਿਭਾਗ,**
**ਮੋਬਾਇਲ 84274-61118**

# ਘਰੇਲੂ ਬਗੀਚੀ ਜ਼ਰੂਰ ਬਣਾਈਏ, ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾਈਏ



ਬੀਜਾਈ ਦਾ ਹੈ ਵੇਲਾ ਵੀਰਾ,
ਕਰ ਨਾ ਕੁਵੇਲਾ ਵੀਰਾ।
ਘਰ/ਖੇਤ ਵਿਚ ਵਾਧੂ ਜਗ੍ਹਾ ਦਾ
ਫਾਇਦਾ ਤੂੰ ਉਠਾ ਲੈ ਵੇ।
ਸਬਜ਼ੀਆਂ ਦੀ ਨਿੱਕੀ ਜਿਹੀ
ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ
ਸਿਹਤ ਬਚਾ ਲੈ ਵੇ।

100 ਕੁ ਰੁਪਏ ਦੀ ਕਿੱਟ ਬੀਜਾਂ ਦੀ ਹੈ ਵੀਰਾ ਵੇ,
ਸਸਤਾ ਹੀ ਮਿਲ ਰਿਹਾ ਕੋਹਿਨੂਰ ਹੀਰਾ ਵੇ।
ਸੰਭਾਲ ਲੈ ਵਕਤ, ਗੱਲ ਮਨ 'ਚ ਬਿਠਾ ਲੈ ਵੇ।
ਘਰ ਵਿੱਚ ਨਿੱਕੀ ਜਿਹੀ ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾ ਲੈ ਵੇ।

ਪਰਿਵਾਰ ਦੇ ਹਨ ਤੇਰੇ ਚਾਰ ਜੇ ਜੀਅ ਵੇ,
ਡੇਢ ਕੁ ਮਰਲਾ ਜਗ੍ਹਾ ਲੈਣੀ ਤੇਰੇ ਬੀਜ ਨੇ।
ਪੰਜ ਤੋਂ ਛੇ ਘੰਟੇ ਦੀ ਧੁੱਪ ਵਾਲੀ ਜਗ੍ਹਾ ਤੇ ਨਿਸ਼ਾਨੀ ਨੂੰ ਲਾ ਲੈ ਵੇ
ਘਰ ਵਿੱਚ ਨਿੱਕੀ ਜਿਹੀ ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾ ਲੈ ਵੇ।



ਗੋਡੀ ਕਰਦਿਆਂ ਬਗੀਚੀ ਦੀ, ਵਧੂ ਪਰਿਵਾਰਕ ਮੋਹ ਵੇ।
ਬੱਚੇ ਵੀ ਮੋਬਾਇਲ ਤੋਂ, ਦੂਰ ਜਾਣਗੇ ਹੋ ਵੇ।
ਦਿਲ ਨੂੰ ਖੁਸ਼ੀ ਮਿਲੂ, ਰੂਹ ਵੀ ਬਾਗੋ-ਬਾਗ ਹੋਊ।
ਪਲੇਟ ਰੰਗ-ਬਿਰੰਗੀ ਸਬਜ਼ੀ, ਨਾਲ ਤੂੰ ਸਜਾ ਲੈ ਵੇ।
ਘਰ ਵਿੱਚ ਨਿੱਕੀ ਜਿਹੀ ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾ ਲੈ ਵੇ।

ਦੋ-ਚਾਰ ਗਾਜਰਾਂ ਹਾਂ, ਭੂਆ ਨੂੰ ਆਵੀਂ ਦੇ ਵੇ।
ਆਸ਼ੀਰਵਾਦ ਅਤੇ ਪਿਆਰ ਆਵੀਂ ਬਦਲੇ 'ਚ ਲੈ ਵੇ।
ਆਰਥਿਕ, ਸਮਾਜਿਕ, ਸਿਹਤ ਪੱਖ; ਮਜ਼ਬੂਤ ਤੂੰ ਬਣਾ ਲੈ ਵੇ।
ਘਰ ਵਿੱਚ ਨਿੱਕੀ ਜਿਹੀ ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾ ਲੈ ਵੇ।

ਦਿਨ ਵਿੱਚ ਸੌ ਦੀ ਖਾਵੇਂ, ਮਹੀਨੇ ਵਿਚ ਤਿੰਨ ਹਜ਼ਾਰ ਦੀ।
ਗੌਰ ਨਾਲ ਸੋਚੇਂ, ਫੀਸ ਬੱਚੇ ਦੀ ਹੈ ਤਾਰ ਦੀ।
ਕਰੇ ਤੈਨੂੰ ਦਿਲੋਂ, ਅਰਜ਼ ਗੁਜ਼ਾਰੇ ਸੇਖੋਂ,
ਖਾ ਕੇ ਰਸਾਇਣ ਰਹਿਤ ਸਬਜ਼ੀ, ਖਰਚ ਹਸਪਤਾਲ ਦਾ ਤੂੰ ਬਚਾ ਲੈ ਵੇ।
ਘਰ ਵਿੱਚ ਨਿੱਕੀ ਜਿਹੀ ਘਰੇਲੂ ਬਗੀਚੀ ਤੂੰ ਬਣਾ ਲੈ ਵੇ।
ਆਪਣੀ ਅਤੇ ਪਰਿਵਾਰ ਦੀ ਸਿਹਤ ਬਚਾ ਲੈ ਵੇ।

**ਬੀ. ਐਸ. ਸੇਖੋਂ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ, ਮੋਬਾਇਲ : 78328-48550**

# ਮਨੁੱਖ ਅਤੇ ਬਨਸਪਤੀ ਦਾ ਜੀਵਨ ਹੈ - ਪਾਣੀ



**ਪਾਣੀ ਦੀ ਕੁਵਰਤੋਂ ਅਤੇ ਬੇਲੋੜੀ ਵਰਤੋਂ ਨੂੰ ਰੋਕ ਕੇ ਪਾਣੀ ਦੀ ਥੁੜ ਨੂੰ ਪੂਰਾ ਕੀਤਾ ਜਾ ਸਕਦਾ ਹੈ । ਇਸ ਲਈ ਸਭ ਤੋਂ ਪਹਿਲਾ ਕਦਮ ਲੋਕਾਂ ਨੂੰ ਪਾਣੀ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨ ਦੀ ਆਵਸ਼ਕਤਾ ਹੈ । ਬਹੁਤ ਪੜ੍ਹੇ ਲੋਕਾਂ, ਕਰਮਚਾਰੀਆਂ, ਅਫਸਰਾਂ, ਸਮਾਜਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਸਮਝ ਹੋਣੀ ਜ਼ਰੂਰੀ ਹੈ । ਅਸੀਂ ਤੱਦ ਹੀ ਪਾਣੀ ਦੀ ਕੀਮਤ ਬਾਰੇ ਸੁਚੇਤ ਹੋ ਸਕਾਂਗੇ । ਆਪ ਤਾਂ ਪਾਣੀ ਦਾ ਸਦਉਪਯੋਗ ਕਰਨਗੇ ਅਤੇ ਆਪਣੇ ਨਾਲ ਜੁੜੇ ਲੋਕਾਂ ਨੂੰ ਵੀ ਸਿਖਿਅਤ ਕਰਨਗੇ । ਦੂਸਰਿਆਂ ਨੂੰ ਵੀ ਸਹਿਜ ਸੁਭਾਉ ਨੇਕ ਕਾਰਜ ਕਰਨ ਦੀ ਪ੍ਰੇਰਨਾ ਮਿਲਦੀ ਰਹੇਗੀ ।**

ਕੰਵਲਜੋਤ ਕੌਰ ਪ੍ਰਿੰਸੀਪਲ

ਪਾਣੀ ਰੰਗਹੀਣ, ਸੁਗੰਧਹੀਣ, ਸਵਾਦਹੀਣ, ਪਾਰਦਰਸ਼ੀ ਤਰਲ ਪਦਾਰਥ ਹੈ । ਸੱਤਰ ਪ੍ਰਤੀਸ਼ਤ ਧਰਤੀ ਨੂੰ ਪਾਣੀ ਨੇ ਢਕਿਆ ਹੋਇਆ ਹੈ । ਸਾਰਾ ਸੰਸਾਰ ਧਰਤੀ ਤੋਂ ਹੀ ਪਾਣੀ ਲੈਂਦਾ ਹੈ । ਸੱਤਰ ਪ੍ਰਤੀਸ਼ਤ ਪਾਣੀ ਵਿੱਚੋਂ ਕੇਵਲ ਤਿੰਨ ਪ੍ਰਤੀਸ਼ਤ ਪਾਣੀ ਸਾਡੇ ਲਈ ਪੀਣ ਦੇ ਵਰਤੋਂ ਯੋਗ ਹੈ। ਇਸ ਨੂੰ ਵੀ ਅਸੀਂ ਨਿਰਮਲ ਨਹੀਂ ਰਹਿਣ ਦਿੰਦੇ। ਕੁਵਰਤੋਂ ਕਾਰਨ ਅਸੀਂ ਔਕੜਾਂ ਦਾ ਸਾਹਮਣਾ ਕਰ ਰਹੇ ਹਾਂ । ਜੀਵ ਅਤੇ ਬਨਸਪਤੀ ਦੇ ਜਿਊਣ ਦਾ ਪਾਣੀ ਨਾਲ ਅਟੁੱਟ ਸਬੰਧ ਹੈ। ਇਸ ਨੂੰ ਲੋੜ ਨਾਲੋਂ ਵੱਧ ਵਰਤ ਕੇ ਆਪਣੇ ਜੀਵਨ ਸਾਹਮਣੇ ਨਾ ਟਾਲੀਆਂ ਜਾਣ ਵਾਲੀਆਂ ਸਮੱਸਿਆਵਾਂ ਖੜ੍ਹੀਆਂ ਕਰੀ ਜਾਂਦੇ ਹਾਂ। ਦੁਖੀ ਹਾਂ, ਪਰ ਸੰਜੀਦਗੀ ਨਾਲ ਹੱਲ ਲੱਭਣ ਵੱਲ ਪੂਰਾ ਧਿਆਨ ਨਹੀਂ ਦੇ ਰਹੇ ।

ਪਾਣੀ ਦੀ ਘਾਟ ਅਤੇ ਪ੍ਰਦੂਸ਼ਣਾਂ ਤੋਂ ਭਾਰਤ ਹੀ ਪੀੜਤ ਨਹੀਂ ਸਗੋਂ ਸਮੁੱਚਾ ਸੰਸਾਰ ਇਸ ਮਸੀਬਤ ਦਾ ਸਾਹਮਣਾ ਕਰ ਰਿਹਾ ਹੈ। ਦੁਨੀਆਂ ਦੇ ਲਗਭਗ ਸਤਾਈ ਪ੍ਰਤੀਸ਼ਤ ਲੋਕ ਪਾਣੀ ਨਾਲ ਸਬੰਧਤ ਔਕੜਾਂ ਦਾ ਸੰਤਾਪ ਭੋਗ ਰਹੇ ਹਨ । ਤਾਪਮਾਨ ਵਿੱਚ ਬਦਲਾਅ, ਵਣਾਂ ਦੀ ਘਾਟ, ਗਰੀਨ ਹਾਊਸ ਅਸ਼ੁੱਧਤਾ, ਸੋਕਾ, ਕੁਦਰਤੀ ਆਫਤਾਂ, ਪਾਣੀ ਦੀ ਵੰਡ ਲਈ ਦੇਸ਼ਾਂ ਦੀ ਆਪਸੀ ਲੜਾਈ ਮਨੁੱਖ ਦੀ ਗੈਰ-ਜ਼ਿੰਮੇਵਾਰੀ, ਜਲ ਸਰੋਤਾਂ ਦੀ ਘਾਟ ਤੇ ਸਾਂਭ ਸੰਭਾਲ, ਪਾਣੀ ਦੀ ਘਰ ਤੋਂ ਦੂਰੀ, ਅਲਪਗੂੜਤਾ, ਪਾਣੀ ਦੀ ਬੇਲੋੜੀ ਬਰਬਾਦੀ, ਵਧੇਰੇ ਪਾਣੀ ਦੀ ਲੋੜ ਵਾਲੀਆਂ ਫਸਲਾਂ ਦੀ ਕਾਸ਼ਤ, ਲੂਣ ਵਾਲਾ ਪਾਣੀ, ਪਹਾੜਾਂ ਉੱਪਰ ਜੰਮਿਆ ਪਾਣੀ, ਪਾਣੀ ਦੀ ਘਾਟ ਦੇ ਕੁਝ ਕਾਰਣ ਹਨ । ਇਨ੍ਹਾਂ ਕਾਰਨਾਂ ਲਈ ਜਿੱਥੇ ਕੁਦਰਤ ਦੀ ਹਲਚਲ ਵੇਖਦੇ ਹਾਂ ਉੱਥੇ ਮਨੁੱਖ ਨੇ ਵੀ ਜਾਣ ਬੁਝ ਕੇ ਕੰਡੇ ਬੀਜੇ ਹੋਏ ਹਨ। ਕਦੇ ਸਮਾਂ ਸੀ ਕਿ ਅਸੀਂ ਕੁੱਤਾ ਨਲਕਾ ਗੇੜ ਕੇ 3-4 ਫੁੱਟ ਤੋਂ ਪਾਣੀ ਪ੍ਰਾਪਤ ਕਰ ਲੈਂਦੇ ਸੀ । ਖੂਹ ਸਨ, ਜਿਨ੍ਹਾਂ ਦਾ ਪਾਣੀ ਵੀ ਦਸ, ਵੀਹ, ਤੀਹ ਫੁੱਟ 'ਤੇ ਹੁੰਦਾ ਸੀ। ਹੌਲੀ-ਹੌਲੀ ਖੂਹਾਂ ਦੇ ਪਾਣੀ ਨੂੰ ਨਿਗਾਹ ਜ਼ੋਰ ਲਾ ਕੇ ਵੇਖਦੀ ਰਹੀ । ਅੱਜ ਹਾਲਾਤਾਂ ਦੇ ਚੱਕਰ ਨਾਲ ਪਾਣੀ ਦਾ ਪੱਧਰ ਤਿੰਨ ਸੌ ਫੁੱਟ ਤੋਂ ਵੀ ਵੱਧ ਹੋ ਚੁੱਕਿਆ ਹੈ ।

ਪ੍ਰਚਾਰ ਸੰਚਾਰ ਪੱਖੋਂ ਅਸੀਂ ਬਹੁਤ ਅਵੇਸਲੇ ਹਾਂ । ਸਾਨੂੰ ਭਵਿੱਖ ਦੀ ਚਿੰਤਾ ਹੀ ਨਹੀਂ ਕਰਨੀ ਚਾਹੀਦੀ, ਸਗੋਂ ਪਾਣੀ ਵਿਹੂਣੇ ਭਵਿੱਖ ਤੋਂ ਡਰ ਕੇ ਉਸਾਰੂ ਉਪਾਅ ਸੋਚਣੇ ਅਤੇ ਅਮਲ ਵਿੱਚ ਲਿਆਉਣੇ ਚਾਹੀਦੇ ਹਨ ਤਾਂ ਜੋ ਪਾਣੀ ਅਤੇ ਜੀਵ ਦੇ ਸਬੰਧ ਨੂੰ ਸਾਰਥਕ ਰੱਖਿਆ ਜਾ ਸਕੇ। ਪਾਣੀ ਦੀ ਘਾਟ ਨੇ ਅਨੇਕ ਤਰ੍ਹਾਂ ਦੀਆਂ ਬਿਮਾਰੀਆਂ ਫੈਲਾਅ ਕੇ ਸਮਾਜਕ ਸ਼ਕਤੀ ਨੂੰ ਨਿਰਬਲ ਬਣਾ ਦਿੱਤਾ ਹੈ। ਫਸਲਾਂ ਦੀ ਉਪਜ ਘੱਟਦੀ ਜਾ ਰਹੀ ਹੈ, ਕਿਉਂਕਿ ਪਾਣੀ ਦੀ ਘਾਟ ਕਾਰਣ ਸਿੰਚਾਈ ਸਾਧਨਾਂ ਨੂੰ ਫਸਲਾਂ ਤੱਕ ਪਹੁੰਚਾਇਆ ਨਹੀਂ ਜਾ ਸਕਦਾ ਜਾਂ ਸਮੇਂ ਸਿਰ ਲੋੜੀਂਦੀ ਸਿੰਚਾਈ ਦਾ ਪ੍ਰਬੰਧ ਨਹੀਂ ਹੁੰਦਾ । ਬਿਜਲੀ ਸੰਕਟ ਫਸਲਾਂ ਪਿਆਸੀਆਂ ਹੀ ਮਰ ਜਾਂਦੀਆਂ ਹਨ। ਮਿੱਥੇ ਸਮੇਂ ਉੱਪਰ ਪਾਣੀ ਉਪਲਬਧ ਨਹੀਂ ਹੁੰਦਾ ।

ਮਾਨਸਿਕ ਪੀੜਾਂ ਅਤੇ ਬੌਧਿਕ ਮੱਠੀ ਪ੍ਰਗਤੀ ਸੰਤੁਲਤ ਜੀਵਨ ਵਿੱਚ ਖੜੋਤ ਲੈ ਆਉਂਦੇ ਹਨ । ਮਨੁੱਖ ਧਿਆਨ ਕੇਂਦਰਿਤ ਕਰਨ ਵੇਲੇ ਠਠੰਬਰ ਜਾਂਦਾ ਹੈ। ਕਈਂ ਦੇਸ਼ਾਂ ਵਿੱਚ ਬੱਚੇ ਗੱਭਰੂ ਅਤੇ ਬੁੱਢੇ ਮਨੁੱਖ ਨਹੀਂ ਕੇਵਲ ਪਿੰਜਰ ਹੀ ਰਹਿ ਗਏ ਹਨ । ਸਾਡੇ ਦੀ ਦੇਸ਼ ਵਿੱਚ ਬਹੁਤ ਸਾਰੇ ਖੇਤਰ ਅਜਿਹੇ ਹਨ, ਜਿਨ੍ਹਾਂ ਨੂੰ ਪੀਣ ਵਾਲਾ ਪਾਣੀ ਪ੍ਰਾਪਤ ਕਰਨ ਲਈ ਦਸ-ਪੰਦਰਾਂ ਕਿਲੋਮੀਟਰ ਦਾ ਸਫਰ ਤਹਿ ਕਰਨਾ ਪੈਂਦਾ ਹੈ ਜਾਂ ਨੇੜੇ ਪਾਣੀ ਨਾ ਹੋਣ ਤੇ ਲੋਕਾਂ ਨੂੰ ਟੈਂਕਰਾਂ ਰਾਹੀਂ ਪਾਣੀ ਮੁਫਤ ਜਾਂ ਮੁੱਲ ਦਿੱਤਾ ਹੈ, ਕਿਉਂਕਿ ਉੱਥੇ ਦਾ ਸਥਾਨਕ ਪਾਣੀ ਪੀਣਯੋਗ ਨਹੀਂ ਹੈ । ਹੁਣ ਮੇਰੇ ਪੰਜਾਬ ਵਿੱਚ ਵੀ ਸਾਫ ਪਾਣੀ ਨਾ ਮਿਲਣ ਕਰਕੇ ਸਰਕਾਰ, ਸਵੈ-ਸੇਵੀ ਸੰਸਥਾਵਾਂ ਅਤੇ ਪਾਣੀ ਦੇ ਵਪਾਰੀ ਇਸ ਕਾਰਜ ਨਾਲ ਜੁੜ ਚੁੱਕੀ ਹਨ । ਸਟੋਰ ਕੀਤੇ ਪਾਣੀ ਦੀ ਤਾਸੀਰ, ਪਾਣੀ ਦੀ ਊਰਜਾ ਅਤੇ ਬਹੁਪੱਖੀ ਗੁਣਵੱਤਾ ਨੂੰ ਘੱਟ ਕਰ ਦਿੰਦੀ ਹੈ । ਕਈਂ ਵਾਰ ਇਹ ਜੀਵਾਂ ਅਤੇ ਬਨਸਪਤੀ ਲਈ ਖਤਰਨਾਕ ਸਿੱਧ ਹੁੰਦਾ ਹੈ, ਜਿਸ ਨਾਲ ਜਿਉਣ ਹਾਲਤਾਂ ਵਿੱਚ ਅਜੀਬ ਤਰ੍ਹਾਂ ਦੀਆਂ ਔਕੜਾਂ ਆਉਂਦੀਆਂ ਹਨ ।

ਪਾਣੀ ਦੀ ਕੁਵਰਤੋਂ ਅਤੇ ਬੇਲੋੜੀ ਵਰਤੋਂ ਨੂੰ ਰੋਕ ਕੇ ਪਾਣੀ ਦੀ ਥੁੜ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾ ਕਦਮ ਲੋਕਾਂ ਨੂੰ ਪਾਣੀ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨ ਦੀ ਆਵਸ਼ਕਤਾ ਹੈ। ਬਹੁਤ ਪੜ੍ਹੇ ਲੋਕਾਂ, ਕਰਮਚਾਰੀਆਂ, ਅਫਸਰਾਂ, ਸਮਾਜਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਸਮਝ ਹੋਣੀ ਜ਼ਰੂਰੀ ਹੈ । ਅਸੀਂ ਤੱਦ ਹੀ ਪਾਣੀ ਦੀ ਕੀਮਤ ਬਾਰੇ ਸੁਚੇਤ ਹੋ ਸਕਾਂਗੇ। ਆਪ ਤਾਂ ਪਾਣੀ ਦਾ ਸਦਉਪਯੋਗ ਕਰਨਗੇ ਅਤੇ ਆਪਣੇ ਨਾਲ ਜੁੜੇ ਲੋਕਾਂ ਨੂੰ ਵੀ ਸਿਖਿਅਤ ਕਰਨਗੇ । ਦੂਸਰਿਆਂ ਨੂੰ ਵੀ ਸਹਿਜ ਸੁਭਾਉ ਨੇਕ ਕਾਰਜ ਕਰਨ ਦੀ ਪ੍ਰੇਰਨਾ ਮਿਲਦੀ ਰਹੇਗੀ ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਸਮੁੱਚੇ ਭਾਰਤ ਲਈ ਪਾਣੀ ਦੀ ਸਾਂਭ-ਸੰਭਾਲ ਅਤੇ ਪਾਣੀ ਦੀ ਕੁਵਰਤੋਂ ਸਬੰਧਤ ਕਾਨੂੰਨ ਬਣਾ ਕੇ ਉਸ ਨੂੰ ਲਾਗੂ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਵਧੀਆ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਵੇ । ਉਨ੍ਹਾਂ ਦੇ ਘਰਾਂ, ਵਪਾਰਕ ਅਦਾਰਿਆਂ, ਖੇਤੀ, ਬਾਗਬਾਨੀ, ਕਾਰਖਾਨਿਆਂ, ਘਰ ਤੋਂ ਘਰ ਪਹੁੰਚ ਰਾਹੀਂ ਪ੍ਰਚਾਰ ਕੇ ਜਲ ਜਾਗ੍ਰਿਤੀ ਪ੍ਰੋਗਰਾਮ ਅਮਲ ਵਿੱਚ ਲਿਆਂਦੇ ਜਾਣ । ਇਸ ਕਾਰਜ ਲਈ ਮਾਪ ਮਿੱਥੇ ਜਾਣੇ ਚਾਹੀਦੇ ਹਨ । ਇਸ ਤੋਂ ਪ੍ਰਾਪਤ ਹੋਏ ਨਤੀਜੇ ਲੋਕ ਸ਼ਕਤੀ ਸਾਹਮਣੇ ਰੱਖੇ ਜਾਣ । ਪਾਣੀ ਦੀ ਕੁਵਰਤੋਂ ਕਰਨ



ਵਾਲਿਆਂ ਨੂੰ ਦੋਸ਼ੀ ਐਲਾਨ ਕੇ ਪੜਾਅਵਾਰ ਮੋਟੇ ਜੁਰਮਾਨੇ ਕੀਤੇ ਜਾਣ । ਜਿਨ੍ਹਾਂ ਦੀ ਵਸੂਲੀ ਮੌਕੇ ਤੇ ਹੀ ਨਿਸ਼ਚਿਤ ਦਿਨਾਂ ਵਿੱਚ ਹੀ ਪ੍ਰਾਪਤ ਕੀਤੀ ਜਾਵੇ । ਪੜਾਵਾਂ ਦੀ ਉਲੰਘਣਾ ਕਰਨ ਵਾਲੇ ਦੋਸ਼ੀ ਨੂੰ ਨਿਸ਼ਚਿਤ ਕੈਦ ਦੇ ਨਾਲ ਜੁਰਮਾਨਾ ਵੀ ਹੋਵੇ। ਅਤਿ ਅਪਰਾਧੀ ਨਾਲ ਸਬੰਧਤ ਵੇਰਵੇ ਮੀਡੀਏ ਰਾਹੀਂ ਦੋਸ਼ੀ ਦਾ ਪ੍ਰਮਾਣ ਦੇ ਕੇ ਲੋਕਾਂ ਦੀ ਕਚਹਿਰੀ ਵਿੱਚ ਰੱਖੇ ਜਾਣ। ਹਰ ਖੇਤਰ ਵਿੱਚ ਨਿਸ਼ਚਿਤ ਮਿਕਦਾਰ ਵਿੱਚ ਪਾਣੀ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ । ਟੀਚੇ ਤੋਂ ਵੱਧ ਪਾਣੀ ਵਰਤਣ ਉੱਪਰ ਤਾੜਨਾ ਕਰਨ ਉਪਰੰਤ ਜੁਰਮਾਨੇ ਅਤੇ ਸਜ਼ਾ ਦਾ ਨਿਯਮ ਲਾਗੂ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਪਾਣੀ ਵਰਤੋਂ ਨੂੰ ਅਨੁਸ਼ਾਸਨ ਦਾ ਨਾਉ ਐਲਾਨਿਆ ਜਾਵੇ । ਇਸ ਸਭ ਦੇ ਲਈ ਸਭ ਤੋਂ ਪਹਿਲਾਂ ਜਨਤਾ ਨੂੰ ਅਖਬਾਰਾਂ, ਟੈਲੀਵੀਜ਼ਨ, ਇਸ਼ਤਿਹਾਰਾਂ ਅਤੇ ਸਾਹਿਤ ਰਾਹੀਂ ਵਿੱਦਿਅਤ ਕਰਨਾ ਚਾਹੀਦਾ ਹੈ ਤਾਂ ਜੋ ਇਸ ਕੰਮ ਨੂੰ ਲੋਕ ਲਹਿਰ ਦਾ ਰੂਪ ਦਿੱਤਾ ਜਾ ਸਕੇ । ਇਸ ਲੋਕ ਲਹਿਰ ਦੀ ਨਿਰੰਤਰਤਾ ਲਈ ਕੈਲੰਡਰ ਬਣਾਉਣਾ ਇਕ ਲਾਹੇਵੰਦ ਕੰਮ ਹੋਵੇਗਾ ।

ਧਰਤੀ ਕੁਝ ਦੀ ਰੋਕਣ ਤੋਂ ਮੁਨਕਰ ਹੋ ਜਾਵੇਗੀ । ਬੰਜਰ ਅਤੇ ਸੋਕਾ ਜਨਤਾ ਨੂੰ ਖਾ ਜਾਵੇਗਾ । ਖੇਤੀ ਵਿਗਿਆਨੀਆਂ ਨੂੰ ਸਰਕਾਰ ਤੇ ਬੁੱਧੀਜੀਵੀਆਂ ਦੇ ਸਹਿਯੋਗ ਨਾਲ ਫਸਲ ਚੱਕਰ ਦੀ ਵਿਉਂਤਬੰਦੀ ਕਰਕੇ ਉਸ ਨੂੰ ਸਖਤੀ ਨਾਲ ਲਾਗੂ ਕਰਵਾਉਣਾ ਚਾਹੀਦਾ ਹੈ। ਘੱਟ ਪਾਣੀ ਦੀ ਲੋੜ ਵਾਲੀਆਂ ਫਸਲਾਂ ਦੀ ਤੁਪਕਾ ਸਿੰਚਾਈ ਦਾ ਪ੍ਰਯੋਗ ਕੀਤਾ ਜਾਵੇ। ਅੱਜ ਜੀਵ ਅਤੇ ਪ੍ਰਕ੍ਰਿਤਕ ਭਵਿੱਖ ਨੂੰ ਨਸ਼ਟ ਹੋਣ ਤੋਂ ਬਚਾਉਣ ਦੀ ਲੋੜ ਹੈ । ਲੋਕ-ਹਿਤ ਲਈ ਜੁੜੇ ਅਫਸਰਾਂ ਨੂੰ ਆਸਾਨੀ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ । ਕੋਝੀ ਅਤੇ ਬੇਤੁਕੀ ਦਖਲ ਅੰਦਾਜ਼ੀ ਨੂੰ ਕੋਈ ਥਾਂ ਨਾ ਹੋਏ । ਕੰਮ ਦਾ ਆਧਾਰ ਕਰਮ ਉੱਪਰ ਉਸਰਨ ਨਾਲ ਹੀ ਅਸੀਂ ਸੰਵਰ ਸਕਦੇ ਹਾਂ। ਪ੍ਰਦੂਸ਼ਤ ਪਾਣੀ ਨੂੰ ਵੀ ਰੀਸਾਈਕਲਿੰਗ ਰਾਹੀਂ ਸਵੱਛਤਾ ਵਿੱਚ ਬਦਲਿਆ ਜਾ ਸਕਦਾ ਹੈ ।

ਫੈਕਟਰੀਆਂ, ਘਾਹ ਮੈਦਾਨਾਂ, ਬਗੀਚਿਆਂ, ਬਾਗਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ । ਪਾਣੀ ਵਰਤਨ ਸਮੇਂ ਸੰਕੋਚ ਤੋਂ ਕੰਮ ਲੈਣ ਦਾ ਅਰਥ ਜੀਵਨ ਬਚਾਉਣ ਵੱਲ ਕਦਮ ਹੈ । ਪਾਣੀ ਦੀ ਸਾਂਭ-ਸੰਭਾਲ (Water Harvesting) ਪਾਣੀ ਦੀ ਲੋੜ ਨੂੰ ਪੂਰਾ ਕਰਨ ਵੱਲ ਨਿਗਰ ਯਤਨ ਹੈ। ਘਰਾਂ, ਖੇਤਾਂ, ਮੁਹੱਲਿਆਂ, ਖੇਡ ਮੈਦਾਨਾਂ, ਖੁੱਲੇ ਥਾਂਵਾਂ ਵਿੱਚ ਮੀਂਹ ਹੜ੍ਹ ਅਤੇ ਘਰੇਲੂ ਪਾਣੀ ਨੂੰ ਸੰਭਾਲਿਆ ਜਾ ਸਕਦਾ ਹੈ। ਇਸੇ ਤਰ੍ਹਾਂ ਪਾਣੀ ਦੇ ਡਿਗਦੇ ਪੱਧਰ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਦਾ ਰਾਹ ਪੱਧਰਾ ਕਰ ਸਕਦੇ ਹਾਂ । ਟੂਟੀ ਖੁੱਲੀ ਨਾ ਛੱਡੋ, ਜੇ ਖਰਾਬ ਹੈ ਤਾਂ ਬਿਨਾ ਦੇਰੀ ਤੋਂ ਠੀਕ ਕਰਵਾਉ । ਫਿਲਟਰ ਦਾ ਅਜਾਈਂ ਜਾ ਰਿਹਾ ਪਾਣੀ ਕਿਸੇ ਹੋਰ ਕੰਮ ਲਈ ਵਰਤ ਲਉ । ਪਾਣੀ ਦੀ ਇੱਕ ਬੂੰਦ ਮਨੁੱਖ ਅਤੇ ਬਨਸਪਤੀ ਲਈ ਅਮੁੱਲ ਤੋਹਫਾ ਹੈ। ਕਦੇ ਚੰਨ, ਸੂਰਜ, ਹਵਾ, ਅੱਗ, ਪਾਣੀ, ਫੁੱਲਾਂ, ਰੁੱਖਾਂ, ਧਰਤੀ, ਆਕਾਸ਼, ਪਾਤਾਲ, ਨਦੀਆਂ, ਪਹਾੜਾਂ ਦੀ ਪੂਜਾ ਕੀਤੀ ਜਾਂਦੀ ਸੀ, ਕਿਉਂਕਿ ਇਹੋ ਜੀਵਨ ਦਾ ਆਧਾਰ ਹਨ। ਆਉ ਪਾਣੀ ਨੂੰ ਸਰਬਸ਼ਕਤੀਮਾਨ ਸਮਝਦੇ ਹੋਏ ਇਸ ਦਾ ਮਾਨ ਆਦਰ ਕਰੀਏ । ਇਸ ਨੂੰ ਬੇਅਦਬੀ ਤੋਂ ਬਚਾਈਏ । ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ, ਜੈਨੀ, ਬੋਧੀ ਆਦਿ ਧਰਮਾਂ ਦੇ ਗ੍ਰੰਥਾਂ ਵਿੱਚ ਪਾਣੀ ਦੇ ਤੋਹਫੇ ਦੀ ਸਲਾਹੁਤਾ ਕੀਤੀ ਗਈ ਹੈ। ਵਿਗਿਆਨੀ ਗ੍ਰਹਿ ਉੱਪਰ ਪਾਣੀ ਦੀ ਖੋਜ ਕਰਕੇ ਉੱਥੇ ਜੀਉਣ ਸੰਭਾਵਨਾਵਾਂ ਵੇਖ ਰਹੇ ਹਨ । ਕਿਆਸ ਕੀਤਾ ਜਾ ਰਿਹਾ ਹੈ ਕਿ ਮਨੁੱਖ ਗ੍ਰਹਿਆਂ ਉੱਪਰ ਉਪਜੀਵਿਕਾ ਲਈ ਜਾਵੇਗਾ ਅਤੇ ਸਮੇਂ ਅਨੁਸਾਰ ਧਰਤੀ ਉੱਪਰ ਆਪਣੇ ਘਰ ਮੁੜ ਆਇਆ ਕਰੇਗਾ । ਜੀ ਸਦਕੇ ਇਉਂ ਹੀ ਹੋ ਜਾਵੇ ਪਰ ਅਸੀਂ ਵਰਤਮਾਨ ਨੂੰ ਪਾਣੀ ਦੀ ਥੁੜੋਂ ਸਾਹਮਣੇ ਕਸ਼ਟ ਭੋਗਦਾ ਨਾ ਵੇਖੀਏ । ਇਹ ਸਮੱਸਿਆ ਦਾ ਸਮਾਧਾਨ ਕਰਕੇ ਸੁਖੀ ਸੁਹੇਲੇ ਹੋਈਏ ।

# ਬਾਹਰਲੇ ਵਾੜੇ ਦੀ ਖੇਤੀ ਦੇ ਕੰਮਾਂ ਵਿੱਚ ਕੀ ਮਹੱਤਤਾ ਸੀ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਿੱਥੇ ਪਸ਼ੂ ਨੂੰ ਰੱਖਿਆ ਜਾਂਦਾ ਸੀ ਉਸਨੂੰ ਵਾੜਾ ਕਿਹਾ ਜਾਂਦਾ ਸੀ ਅਤੇ ਉੱਥੇ ਖੇਤੀ ਸੰਦ ਪੱਠਿਆਂ ਵਾਲਾ ਟੋਕਾ, ਹਲ, ਸੁਹਾਗਾ, ਪੰਜਾਲੀ ਤ੍ਰਿਫਾਲੀ, ਗੱਡਾ, ਛੋਟੀ ਪੱਠਿਆਂ ਢੋਣ ਵਾਲੀ ਰੇਹੜੀ, ਰੰਬੇ, ਦਾਤਰੀਆਂ, ਕਸੀਏ, ਕਹੀਆਂ, ਕਸੋਲੀਆਂ ਵੱਟਾਂ ਪਾਉਣ ਵਾਲਾ ਜਿੰਦਰਾ, ਕਰਾਹੀਆਂ, ਟੋਕਰੇ, ਟੋਕਰੀਆਂ ਤਰੰਗਲੀਆਂ, ਸੰਲਘਾ, ਗੱਡਿਆਂ ਦੇ ਵਿੱਡ ਆਮ ਰੱਖੇ ਜਾਂਦੇ ਸਨ । ਪਸ਼ੂਆਂ ਦਾ ਰੈਣ ਬਸੇਰਾ ਹੀ ਸਨ। ਜਿੱਥੇ ਪਸ਼ੂ ਤੇ ਬੰਦੇ ਦੋਨੋਂ ਰਹਿੰਦੇ ਹੋਣ ਉਹ ਘਰ ਅਖਵਾਉਂਦਾ ਸੀ । ਜਿਹੜੇ ਰਹਿਣ ਲਈ ਘਰ ਬਣਾਉਂਦੇ ਹਾਂ ਉਹ ਮਕਾਨ ਅਖਵਾਉਂਦਾ ਹੈ । ਵਾੜੇ ਵਿਚ ਤੂੜੀ ਰੱਖਣ ਲਈ ਵੀ ਕੋਠੇ ਬਣਾਏ ਜਾਂਦੇ ਹਨ ਅਤੇ ਬਜ਼ੁਰਗਾਂ ਉੱਥੇ ਮੰਜੀ ਰੱਖੀ ਹੁੰਦੀ ਸੀ ਅਤੇ ਉਸ ਉੱਤੇ ਬੈਠ ਬਾਬੇ ਸਮਾਜਿਕ ਨੈਤਿਕ ਆਰਥਿਕ ਖੇਤੀ ਬਾੜੀ ਸਬੰਧੀ ਸਲਾਹਾਂ ਮਸ਼ਵਰੇ ਕਰੀ ਜਾਂਦੇ ਸਨ । ਇਕ ਕਾਨਿਆਂ ਦਾ ਛੱਪਰ ਵੀ ਪਾਇਆ ਹੁੰਦਾ ਕਿਉਂਕਿ ਉੱਥੇ ਖੁੱਲੀ ਹਵਾ ਆਉਂਦੀ ਸੀ ਤੇ ਢੋਲੇ ਦੀਆਂ ਹੇਕਾਂ ਲਾਉਂਦੇ ਸਨ । ਕੋਈ ਚਿੰਤਾ ਨਾ ਫਿਕਰ ਚਿੰਤਾ ਮੁਕਤ ਜੀਵਨ ਸੀ ।

ਵਾੜੇ ਵਿਚ ਪੁਰਖਿਆਂ ਕਾਫੀ ਰੁੱਖ ਲਾਏ ਹੁੰਦੇ ਸਨ ਅਤੇ ਸੰਘਣੀ ਉਹਨਾਂ ਵਡੇਰਿਆਂ ਬਣਾਈ ਛਾਂ ਅੱਜ ਵੀ ਨਹੀਂ ਭੁੱਲੀਆਂ । ਅਸੀਂ ਰੁੱਖਾਂ ਥੱਲੇ ਗੋਲੀਆਂ ਖੇਡਣੀਆਂ । ਅਜਿਹਾ ਮਾਹੌਲ ਅੱਜ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ । ਉਹਨਾਂ ਰੁੱਖਾਂ ਦੀ ਛਾਂ ਥੱਲੇ ਪਸ਼ੂ ਅਰਾਮ ਕਰਦੇ ਸਨ । ਉਥੇ ਹੀ ਗੋਲ ਰੂਪ ਵਿਚ ਖੁਰਲੀਆਂ ਬਣਾਈਆਂ ਸਨ । ਉੱਥੇ ਹੀ ਪਸ਼ੂਆਂ ਨੂੰ ਪੱਠੇ ਪਾਏ ਜਾਂਦੇ ਸਨ। ਕੋਲ ਇਕ ਨਲਕਾ ਹੁੰਦਾ ਸੀ ਜਿਸਤੋਂ ਪੀਣ ਲਈ ਪਾਣੀ ਲਿਆ ਜਾਂਦਾ ਸੀ। ਗਰਮੀ ਦੇ ਦਿਨਾਂ ਵਿਚ ਦੁਪਹਿਰਾਂ ਵੇਲੇ ਪਸ਼ੂਆਂ ਨੂੰ ਟੋਬਿਆਂ ਛੱਪੜਾਂ ਦੇ ਪਾਣੀ ਵਿਚ ਬਠਾਇਆ ਜਾਂਦਾ ਸੀ । ਬਜ਼ੁਰਗਾਂ ਦਾ ਵਾੜੇ ਨਾਲ ਪੂਰਾ ਪਿਆਰ ਹੁੰਦਾ ਸੀ । ਖੇਤੀ ਦੇ ਸੰਦਾਂ ਦਾ ਬਾਬੇ ਪੂਰਾ ਧਿਆਨ ਰੱਖਦੇ ਸਨ । ਹੱਲ, ਪੰਜਾਲੀ ਗੱਡਾ ਰੰਬੇ ਦਾਤਰੀਆਂ ਸਭ ਖੇਤੀ ਸੰਦ ਬਾਬੇ ਆਪਣੇ ਹੱਥਾਂ ਵਿਚ ਥੱਲੇ ਹੀ ਰੱਖਦੇ ਸਨ । ਜੋ ਵੇਲੇ ਸਿਰ ਕੰਮ ਆ ਸਕੇ, ਕਿਤੇ ਕਿਸੇ ਤੋਂ ਮੰਗਣਾ ਨਾ ਪਵੇ । ਸ਼ਾਮ ਨੂੰ ਖੇਤੀ ਦੇ ਸੰਦ ਲਿਆ ਕੇ ਵਾੜੇ ਵਿਚ ਟਿਕਾ ਦਿੱਤੇ ਜਾਂਦੇ ਸਨ ਅਤੇ ਸਭ ਦੇ ਟਿਕਾਣੇ ਬਣਾਏ ਹੁੰਦੇ ਸਨ । ਬਿਨਾਂ ਪੁੱਛ ਗਿੱਛ ਕੀਤਿਆਂ ਉੱਥੋਂ ਚੁੱਕ ਲਿਆ ਜਾਂਦਾ ਸੀ ਅਤੇ ਵਰਤ ਕੇ ਫਿਰ ਉੱਥੇ ਹੀ ਰੱਖਿਆ ਜਾਂਦਾ ਸੀ । ਕਈ ਸੁਹਾਗਾ ਬਣਿਆ ਸੰਦ ਨੂੰ ਖੇਤ ਵਿਚ ਹੀ ਛੱਡ ਆਉਂਦੇ ਸਨ, ਕਿਉਕਿ ਬਾਬੇ ਕਹਿੰਦੇ, ਸੰਦ ਕਦੇ ਖੇਤ ਨਾ ਛੱਡਕੇ ਆਓ ਜੋਖਣਾ ਲਹਿ ਜਾਂਦੀ ਹੈ। ਸੰਦਾਂ ਪ੍ਰਤੀ ਬਾਬੇ ਬਹੁਤ ਜ਼ਿਆਦਾ ਫਿਕਰਮੰਦ ਸਨ । ਮੱਕੀਆਂ ਦੀ ਸੁੱਕੀਆਂ ਪੂਲੀਆਂ ਵੀ ਬਾਹਰਲਾ ਵਾੜਾ ਹੀ ਸਾਂਭਦਾ ਸੀ ਅਤੇ ਵੇਲੇ ਸਿਰ ਪੂਲੀਆਂ ਨੂੰ ਕੁਤਰ ਲਿਆ ਜਾਂਦਾ ਸੀ ਇਹ ਇਕ ਵਧੀਆ ਨੀਰਾ ਸੀ ਜੋ ਪਸ਼ੂ ਬਹੁਤ ਚਾਹਤ ਨਾਲ ਖਾਂਦੇ ਸਨ । ਮੂੰਗੀ ਦਾ ਭੋਂ ਵੀ ਬਹੁਤ ਸਵਾਦੀ ਸੀ ਅਤੇ ਪਸ਼ੂ ਖੁਸ਼ ਹੋ ਕੇ ਖਾਂਦੇ ਸਨ ਅਤੇ ਇਹ ਬਿਨਾਂ ਕੁਤਰੇ ਹੀ ਡੰਗਰਾਂ ਨੂੰ ਪਾਇਆ ਜਾਂਦਾ ਸੀ ਅਤੇ ਇਹ ਵੀ ਬਾਹਰ ਵਾੜੇ ਵਿਚ ਸਾਂਭਿਆ ਜਾਂਦਾ ਸੀ । ਜੇ ਕਿਤੇ ਬਾਬਿਆਂ ਨੂੰ ਬਿੜਕ ਪੈ ਜਾਂਦੀ ਕਿ ਪਸ਼ੂਆਂ ਨੂੰ ਨੀਰਾ ਨਹੀਂ ਪਾਇਆ ਤਾਂ ਉਹ ਨਿਗਰਾਨੀ ਦੀ ਬਾਰੇ ਕਹਿੰਦੇ ਸਨ । ਆਪ ਪੂਰੀ ਨਜ਼ਰਸਾਨੀ ਰੱਖਦੇ ਸਨ । ਡੰਗਰਾਂ ਦੀ ਧੁੱਪ ਛਾਂ ਦਾ ਪੂਰਾ ਧਿਆਨ ਦੇਂਦੇ ਸਨ ਅਤੇ ਬਦਲੀ ਕਰਨ ਲਈ ਕਹਿ ਦੇਂਦੇ ਸਨ। ਪੱਠਿਆਂ ਹਰਿਆ ਦਾ ਧਿਆਨ ਰੱਖਦੇ ਕਿਤੇ ਪੱਠਿਆਂ ਨੂੰ ਧੁੱਪ ਨਾ ਆ ਜਾਵੇ ਛਾਂਵੇ ਕਰਨ ਲਈ ਅਵਾਜ਼ਾਂ ਮਾਰਦੇ ਸਨ ।

ਸਰਦੀਆਂ ਵਿਚ ਪਸ਼ੂਆਂ ਦਾ ਗਿੱਲਾ ਸੁੱਕਾ ਥਾਂ ਵੇਖਿਆ ਜਾਂਦਾ ਸੀ, ਜੇ ਗਿੱਲਾ ਹੁੰਦਾ ਤਾਂ ਤੂੜੜਾ ਰੀਣ ਸੜੀ ਗਲੀ ਤੂੜੀ ਪਸ਼ੂਆਂ ਦੇ ਪਿੱਛੇ ਹੀ ਰੱਖਿਆ ਹੁੰਦਾ ਸੀ ਅਤੇ ਗਿੱਲੇ ਥਾਵਾਂ ਤੇ ਸੁੱਟਿਆ ਜਾਂਦਾ ਸੀ ਅਤੇ ਪਸ਼ੂਆਂ ਦਾ ਪਿਛਲਾ ਪਾਸਾ ਢਾਲ ਰੂਪੀ ਰੱਖਿਆ ਜਾਂਦਾ ਸੀ ਇਸ ਲਈ ਵਡੇਰੇ ਤਾਕੀਦ ਕਰਿਆ ਕਰਦੇ ਸਨ ਕਿ ਕਾਮੀਆਂ ਹਾਲੀਆਂ ਵਿਚ ਵੀ ਇਹ ਗੱਲ ਘਰ ਕਰ ਜਾਵੇ ਕਿ ਉਹ ਇੰਨ ਬਿੰਨ ਹੀ ਲਾਗੂ ਕਰਨ । ਅੱਜ ਤਾਂ ਉਹ ਵਾੜਿਆਂ ਦੀ ਰਹੁ ਰੀਤਾਂ ਰਿਵਾਜਾਂ ਹੋਰ ਕੋਈ ਜਨਮ ਲੈ ਲਿਆ ਹੈ ।

# ਪੀ.ਏ.ਯੂ. ਦੇ ਕਿਸਾਨ ਮੇਲੇ ਇਤਿਹਾਸ ਤੇ ਵਰਤਮਾਨ



**ਕਿਸਾਨ ਮੇਲੇ ਪੰਜਾਬ ਦੀ ਕਿਸਾਨੀ ਦੀ ਜੀਵਨ ਰੇਖਾ ਸਾਬਿਤ ਹੋ ਰਹੇ ਹਨ । ਮੇਲਿਆਂ ਦੀ ਸਫਲਤਾ ਇਸ ਗੱਲੋਂ ਵੀ ਸਾਬਿਤ ਹੁੰਦੀ ਹੈ ਕਿ ਮੇਲਿਆਂ ਵਿੱਚੋਂ ਗਿਆਨ ਹਾਸਿਲ ਕਰਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੇ ਕਿਸਾਨਾਂ ਦੀ ਗਿਣਤੀ ਆਏ ਸਾਲ ਵੱਧ ਰਹੀ ਹੈ । ਬੀਬੀਆਂ ਵੱਲੋਂ ਬਣਾਏ ਸਵੈ-ਸੇਵੀ ਸਮੂਹਾਂ ਦੀਆਂ ਸਟਾਲਾਂ ਆਪਣੇ ਆਪ ਹੀ ਕਿਸਾਨ ਬੀਬੀਆਂ ਵੱਲੋਂ ਪਰਿਵਾਰਾਂ ਦੀ ਆਰਥਿਕਤਾ ਵਿੱਚ ਪਾਏ ਯੋਗਦਾਨ ਨੂੰ ਬਿੰਬਿਤ ਕਰਦੀਆਂ ਹਨ ।**

ਪੀ. ਏ. ਯੂ. ਨੇ ਆਪਣੀ ਸਥਾਪਨਾ ਤੋਂ ਹੀ ਕਿਸਾਨਾਂ ਨਾਲ ਜੁੜਨ ਦੇ ਵਿਸ਼ੇਸ਼ ਯਤਨ ਆਰੰਭ ਕਰ ਦਿੱਤੇ ਸਨ । ਪਸਾਰ ਮਾਹਿਰਾਂ ਨੂੰ ਇਸ ਗੱਲ ਦਾ ਅੰਦਾਜ਼ਾ ਭਲਾਈ ਭਾਂਤ ਸੀ ਕਿ ਪੰਜਾਬ ਦੀ ਖੇਤੀ ਦੀ ਵਿਗਿਆਨਕ ਅਤੇ ਬਦਲਵੀਂ ਨੁਹਾਰ ਕਿਸਾਨ ਦੀ ਸਰਗਰਮ ਸਾਂਝੇਦਾਰੀ ਬਿਨਾਂ ਸ਼ਾਇਦ ਸੰਭਵ ਨਾ ਹੋ ਸਕੇ । ਇਸ ਲਈ ਕਿਸਾਨਾਂ ਨੂੰ ਨਾਲ ਜੋੜ ਕੇ ਨਵੀਆਂ ਖੇਤੀ ਵਿਧੀਆਂ ਲਾਗੂ ਕਰਨ ਦੀ ਇੱਕ ਕੋਸ਼ਿਸ਼ ਵਜੋਂ ਹੀ ਕਿਸਾਨ ਮੇਲੇ ਲਾਏ ਗਏ । ਪੰਜਾਬੀ ਮੇਲਿਆਂ ਦੇ ਵੈਸੇ ਵੀ ਬੜੇ ਸ਼ੁਕੀਨ ਹਨ । ਪੰਜਾਬੀ ਜਨ-ਮਾਨਸ ਤਾਂ ਦੁਨੀਆਂ ਨੂੰ ਵੀ ਇੱਕ ਮੇਲਾ ਹੀ ਮੰਨਦਾ ਹੈ । ਇਸ ਲਈ ਇਹ ਤਰੀਕਾ ਕਿਸਾਨਾਂ ਵਿੱਚ ਛੇਤੀ ਹੀ ਮਕਬੂਲ ਹੋਇਆ । ਹਾੜ੍ਹੀ ਸਾਉਣੀ ਤੋਂ ਪਹਿਲਾਂ ਲਾਏ ਜਾਣ ਵਾਲੇ ਮੇਲੇ ਆਉਂਦੀ ਰੁੱਤ ਲਈ ਨਵੀਆਂ ਕਿਸਮਾਂ ਵੱਲ ਜਿਗਿਆਸਾ ਨਾਲ ਦੇਖਣ ਦਾ ਕਾਰਨ ਸਨ, ਨਾਲ ਹੀ ਖੇਤੀ ਦੇ ਢੰਗਾਂ ਵਿੱਚ ਯੂਨੀਵਰਸਿਟੀ ਦੀਆਂ ਖੋਜ ਭਰਪੂਰ ਸਿਫਾਰਿਸ਼ਾਂ ਵੀ ਲਾਗੂ ਕਰਨ ਦਾ ਮੌਕਾ ਮਿਲਦਾ ਸੀ । ਕਿਸਾਨ ਮੇਲਿਆਂ ਨੂੰ ਕਿਸੇ ਦਿਨ ਤਿਉਹਾਰ ਵਾਂਗ ਉਡੀਕਣ ਲੱਗੇ । ਅੱਜ ਵੀ ਪਿੰਡਾਂ ਦੇ ਕਿਸਾਨ ਪਹਿਲਾ ਸਵਾਲ ਇਹੀ ਕਰਦੇ ਹਨ, "ਕਦੋਂ ਮੇਲਾ ਨਾ ਰਹੇ ਹੋ ਭਾਈ ?"

ਨਤੀਜਾ ਇਹ ਕਿ ਇਨ੍ਹਾਂ ਮੇਲਿਆਂ ਨੇ ਪੰਜਾਬ ਦੀ ਕਿਸਾਨੀ ਦੀ ਕਾਇਆ ਕਲਪ ਵਿੱਚ ਇਤਿਹਾਸਕ ਯੋਗਦਾਨ ਪਾਇਆ । ਪੰਜਾਬ ਨੂੰ ਖੇਤੀ ਪੱਖੋਂ ਖਿੱਤੇ ਦਾ ਮੋਹਰੀ ਸੂਬਾ ਬਣਾਉਣ ਲਈ ਕਿਸਾਨ ਮੇਲਿਆਂ ਵਿੱਚੋਂ ਮਿਲੀ ਚੇਤਨਾ ਦਾ ਅਹਿਮ ਹਿੱਸਾ ਹੈ । ਹਰੀ ਕ੍ਰਾਂਤੀ ਅਤੇ ਇਸ ਤੋਂ ਮਗਰੋਂ ਨਵੀਆਂ ਤਕਨਾਲੋਜੀਆਂ ਦੇ ਵਿਕਾਸ ਦੇ ਨਾਲ-ਨਾਲ ਰਾਜ ਦੀਆਂ ਨੀਤੀਆਂ, ਕਿਸਾਨਾਂ ਦੀ ਅਣਥੱਕ ਮਿਹਨਤ ਅਤੇ ਪਸਾਰ ਸੇਵਾਵਾਂ ਨੇ ਖੇਤੀ ਪੈਦਾਵਾਰ ਅਤੇ ਉਤਪਾਦਕਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ । ਕੋਵਿਡ ਦੌਰਾਨ ਜਦੋਂ ਸਾਰੀ ਦੁਨੀਆਂ ਆਪਣੇ ਕਾਰਜ ਤਿਆਗ ਕੇ ਆਪਣੀ ਹੋਂਦ ਦੇ ਬਚਾਅ ਨਾਲ ਜੂਝ ਰਹੀ ਸੀ, ਪੀ. ਏ. ਯੂ. ਦੇ ਮਾਹਿਰਾਂ ਨੇ ਆਨਲਾਈਨ ਮੇਲੇ ਲਾਏ । ਇਨ੍ਹਾਂ ਵਿੱਚ ਸ਼ਾਮਿਲ ਹੋਣ ਵਾਲੇ ਕਿਸਾਨਾਂ ਦੀ ਵੀ ਖਾਸੀ ਗਿਣਤੀ ਸੀ । ਦੇਖਾ-ਦੇਖੀ ਦੇਸ਼ ਦੀਆਂ ਹੋਰ ਖੇਤੀ ਯੂਨੀਵਰਸਿਟੀਆਂ ਨੇ ਵੀ ਇਹੀ ਤਰੀਕਾ ਅਪਣਾਇਆ । ਪੀ. ਏ. ਯੂ. ਹਰ ਸਾਲ ਰਾਜ ਦੇ ਖੇਤਰੀ ਖੋਜ ਕੇਂਦਰਾਂ ਗੁਰਦਾਸਪੁਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਫਰੀਦਕੋਟ, ਬੱਲੋਵਾਲ ਸੌਂਖੜੀ ਅਤੇ ਲੁਧਿਆਣਾ ਕੈਂਪਸ ਵਿਖੇ ਕਿਸਾਨ ਮੇਲੇ ਆਯੋਜਿਤ ਕਰਦੀ ਰਹੀ ਹੈ ਅਤੇ ਖੇਤੀ ਅਤੇ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਵੀਆਂ ਤਕਨਾਲੋਜੀਆਂ/ਕਾਰਜ ਵਿਧੀਆਂ ਦਾ ਪ੍ਰਦਰਸ਼ਨ ਇਨ੍ਹਾਂ ਮੇਲਿਆਂ ਦੌਰਾਨ ਕੀਤਾ ਜਾਂਦਾ ਹੈ । ਇਹ ਮੇਲਾ ਕਿਸਾਨਾਂ ਅਤੇ ਵਿਗਿਆਨੀਆਂ ਵਿੱਚ ਅੰਤਰ-ਸੰਵਾਦ ਲਈ ਇੱਕ ਵੱਡਾ ਮੌਕਾ ਹੁੰਦਾ ਹੈ । ਵਿਗਿਆਨੀ ਇੱਥੇ ਕਿਸਾਨਾਂ ਤੋਂ ਸੁਝਾਅ ਪ੍ਰਾਪਤ ਕਰਦੇ ਹਨ ਕਿ ਨਵੀਆਂ ਵਿਕਸਿਤ ਤਕਨਾਲੋਜੀਆਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ ਅਤੇ ਹੁਣ ਉਨ੍ਹਾਂ ਕਿਸਾਨਾਂ ਦੀਆਂ ਖੇਤੀ ਬਾਰੇ ਲੋੜਾਂ ਕਿਹੋ ਜਿਹੀਆਂ ਹਨ ? ਕਿਸਾਨਾਂ ਦੇ ਸਾਹਮਣੇ ਆ ਰਹੀਆਂ ਨਵੀਆਂ ਖੇਤੀ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਗਿਆਨੀ ਆਪਣੇ ਖੋਜ ਕਾਰਜਾਂ ਨੂੰ ਸੇਧ ਦਿੰਦੇ ਹਨ । ਇੱਥੇ ਹੀ ਵਿਗਿਆਨੀ, ਪ੍ਰਸ਼ਨ-ਉੱਤਰ ਸੈਸ਼ਨ ਵਿੱਚ ਕਿਸਾਨਾਂ ਦੇ ਖੇਤੀ ਅਤੇ ਸਹਾਇਕ ਧੰਦਿਆਂ ਸੰਬੰਧੀ ਪ੍ਰਸ਼ਨਾਂ ਦੇ ਜਵਾਬ ਦਿੰਦੇ ਹਨ । ਇਹ ਕਿਸਾਨ ਇੱਥੋਂ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੇ ਸੁਧਰੇ ਅਤੇ ਨਵੇਂ ਬੀਜ, ਫਲਾਂ ਦੇ ਬੂਟੇ, ਖੇਤੀ ਸਾਹਿਤ ਅਤੇ ਬਾਇਓ ਖਾਦਾਂ ਖਰੀਦ ਕੇ ਲਿਜਾਂਦੇ ਹਨ । ਇਸ ਮੇਲੇ ਦਾ ਇੱਕ ਹੋਰ ਉਭਰਵਾਂ ਪੱਖ ਇੱਥੇ ਲਗਾਈ ਜਾਂਦੀ ਖੇਤੀ ਉਦਯੋਗ ਦੀ ਵੱਡੀ ਪ੍ਰਦਰਸ਼ਨੀ ਹੁੰਦੀ ਹੈ, ਜਿਸ ਵਿੱਚ ਪ੍ਰਾਈਵੇਟ ਸੈਕਟਰ ਵੱਲੋਂ ਨਵੀਂ ਖੇਤ ਮਸ਼ੀਨਰੀ, ਸੰਦ ਅਤੇ ਹੋਰ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ । ਇਹਨਾਂ ਮੇਲਿਆਂ ਦੌਰਾਨ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟਣ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਤਾਂ ਜੋ ਉਹ ਹੋਰ ਕਿਸਾਨਾਂ ਲਈ ਪ੍ਰੇਰਨਾ ਸਰੋਤ ਸਾਬਿਤ ਹੋ ਸਕਣ ।



ਇਹ ਕਿਸਾਨ ਮੇਲੇ ਪੰਜਾਬ ਵਿੱਚ ਵਿਗਿਆਨਕ ਖੇਤੀ ਦਾ ਮੁੱਢ ਸਾਬਿਤ ਹੋਏ ਹਨ । ਇਹਨਾਂ ਮੇਲਿਆਂ ਰਾਹੀਂ ਬਹੁਤ ਸਾਰੇ ਅਗਾਂਹਵਧੂ ਕਿਸਾਨ ਖੇਤੀ ਨੂੰ ਹੋਰ ਲਾਹੇਵੰਦ ਕਿੱਤਾ ਬਣਾਉਣ ਅਤੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਸਫਲ ਰਹੇ । ਵਰਤਮਾਨ ਵਿੱਚ ਵੀ ਇਨ੍ਹਾਂ ਮੇਲਿਆਂ ਦਾ ਕੋਈ ਵੀ ਬਦਲ ਹੋ ਨਹੀਂ ਸਕਦਾ । ਇਹ ਕਿਸਾਨ ਮੇਲੇ ਪੰਜਾਬ ਦੀ ਕਿਸਾਨੀ ਦੀ ਜੀਵਨ ਰੇਖਾ ਸਾਬਿਤ ਹੋ ਰਹੇ ਹਨ । ਮੇਲਿਆਂ ਦੀ ਸਫਲਤਾ ਇਸ ਗੱਲੋਂ ਵੀ ਸਾਬਿਤ ਹੁੰਦੀ ਹੈ ਕਿ ਮੇਲਿਆਂ ਵਿੱਚੋਂ ਗਿਆਨ ਹਾਸਿਲ ਕਰਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੇ ਕਿਸਾਨਾਂ ਦੀ ਗਿਣਤੀ ਆਏ ਸਾਲ ਵੱਧ ਰਹੀ ਹੈ । ਬੀਬੀਆਂ ਵੱਲੋਂ ਬਣਾਏ ਸਵੈ-ਸੇਵੀ ਸਮੂਹਾਂ ਦੀਆਂ ਸਟਾਲਾਂ ਆਪਣੇ ਆਪ ਹੀ ਕਿਸਾਨ ਬੀਬੀਆਂ ਵੱਲੋਂ ਪਰਿਵਾਰਾਂ ਦੀ ਆਰਥਿਕਤਾ ਵਿੱਚ ਪਾਏ ਯੋਗਦਾਨ ਨੂੰ ਬਿੰਬਿਤ ਕਰਦੀਆਂ ਹਨ ।

ਕਿਸਾਨ ਵੀਰਾਂ ਨੂੰ ਹਰ ਲਿਹਾਜ਼ ਨਾਲ ਇਹਨਾਂ ਮੇਲਿਆਂ ਦਾ ਹਿੱਸਾ ਬਣ ਕੇ ਆਪਣੀ ਖੇਤੀ ਨੂੰ ਵਿਗਿਆਨਕ ਲੀਹਾਂ 'ਤੇ ਤੋਰਨ ਦੀ ਲੋੜ ਹੈ । ਦੁਆ ਹੈ ਕਿ ਪੀ. ਏ. ਯੂ. ਦੇ ਇਹ ਮੇਲੇ ਆਦਿ ਜੁਗਾਦ ਤੱਕ ਏਵੇਂ ਹੀ ਲੱਗਦੇ ਰਹਿਣ ਤੇ ਪੰਜਾਬ ਦੀ ਕਿਸਾਨੀ ਦਾ ਰਾਹ ਰੁਸ਼ਨਾਉਂਦੇ ਰਹਿਣ ।

*ਮਨਪ੍ਰੀਤ ਸਿੰਘ, ਤਜਿੰਦਰ ਸਿੰਘ*
*ਰਿਆੜ ਅਤੇ ਜਗਵਿੰਦਰ ਸਿੰਘ,*
*ਫ਼ਸਲ ਵਿਗਿਆਨ ਵਿਭਾਗ,*
*ਪੀ. ਏ. ਯੂ., ਲੁਧਿਆਣਾ*

# ਹੁਣ ਭੰਗ ਦੇ ਡੰਡਲ ਨਾਲ ਬਣੇਗਾ ਬਾਇਓਡੀਗ੍ਰੇਡੇਬਲ ਪਲਾਸਟਿਕ

## ਆਈ ਆਈ ਟੀ ਮੰਡੀ ਦੇ ਨਾਲ ਸਟਾਰਟਅੱਪ ਨੇ ਵਿਕਸਿਤ ਕੀਤੀ ਤਕਨੀਕ, ਖਤਮ ਹੋਵੇਗੀ ਵਿਦੇਸ਼ੀ ਬਾਇਓਡੀਗ੍ਰੇਡੇਬਲ ਪਲਾਸਟਿਕ 'ਤੇ ਨਿਰਭਰਤਾ

ਭੰਗ ਦੇ ਡੰਡਲ ਹੁਣ ਬੇਕਾਰ ਨਹੀਂ ਜਾਣਗੇ, ਇਸ ਨਾਲ ਬਾਇਓਡੀਗ੍ਰੇਡੇਬਲ ਪਲਾਸਟਿਕ ਬਣ ਸਕੇਗਾ । ਇਸ ਨਾਲ ਚੌਗਿਰਦੇ ਦਾ ਬਚਾਅ ਵੀ ਹੋਵੇਗਾ ਤੇ ਰੁਜ਼ਗਾਰ ਦੇ ਮੌਕੇ ਸਿਰਜੇ ਜਾਣਗੇ । ਵਿਦੇਸ਼ੀ ਬਾਇਓਡੀਗ੍ਰੇਡੇਬਲ ਪਲਾਸਟਿਕ 'ਤੇ ਨਿਰਭਰਤਾ ਵੀ ਇਸ ਸਦਕਾ ਮੁੱਕ ਸਕਦੀ ਹੈ । ਭੰਗ ਦੇ ਪੱਤੇ ਤੇ ਬੀਜ, ਦਵਾਈ ਬਣਾਉਣ ਦੇ ਕੰਮ ਆਉਂਦੇ ਹਨ । ਡੰਡਲ ਨੂੰ ਸੁੱਟਿਆ ਜਾਂ ਸਾੜਿਆ ਜਾਂਦਾ ਹੈ ਪਰ ਹੁਣ ਭੰਗ ਦਾ ਪੂਰਾ ਬੂਟਾ ਕੰਮ ਆ ਸਕੇਗਾ । ਰੇਸ਼ੇ ਨਾਲ ਕੱਪੜਾ ਤੇ ਡੰਡਲ ਨਾਲ ਬਾਇਓਡੀਗ੍ਰੇਡੇਬਲ ਪਲਾਸਟਿਕ ਬਣਾਉਣ ਦੀ ਤਿਆਰੀ ਹੈ ।

ਭਾਰਤੀ ਤਕਨੀਕੀ ਸੰਸਥਾ (ਆਈ ਆਈ ਟੀ) ਮੰਡੀ ਦੇ ਸਟਾਰਟਅੱਪ ਨੇ ਭੰਗ ਦੇ ਡੰਡਲ ਨਾਲ ਬਾਇਓਡੀਗ੍ਰੇਡੇਬਲ ਪਲਾਸਟਿਕ ਬਣਾਉਣ ਦੀ ਤਕਨੀਕ ਵਿਕਸਤ ਕੀਤੀ ਹੈ । ਹਰਿਆਣਾ ਦੇ ਫਰੀਦਾਬਾਦ ਉਖੀ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਸਟਾਰਟਅੱਪ ਦੇ ਤਹਿਤ (ਆਈ ਆਈ ਟੀ) ਮੰਡੀ ਨੇ ਇਸੇ ਸਾਲ 25 ਲੱਖ ਰੁਪਏ ਦੀ ਵਿੱਤੀ ਮਦਦ ਦਿੱਤੀ ਸੀ । ਹਿਮਾਚਲ ਸਮੇਤ ਕਈ ਸੂਬਾ ਸਰਕਾਰਾਂ ਹੁਣ ਭੰਗ ਦੀ ਖੇਤੀ ਨੂੰ ਜਾਇਜ਼ ਕਰਨ 'ਤੇ ਕੰਮ ਕਰ ਰਹੀਆਂ ਹਨ । ਸੂਬਾ ਸਰਕਾਰ ਨੇ 'ਉੱਤਰਾਖੰਡ ਮਾਡਲ' ਦੀ ਸਮੀਖਿਆ ਕੀਤੀ ਹੈ । ਇਸ ਤਕਨੀਕ ਸਦਕਾ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ । ਇਹ ਬਨਸਪਤੀ ਉਦਯੋਗ ਖੇਤਰ ਵਿਚ ਵੀ ਮੁਲਕ ਦੀ ਵੱਡੀ ਵੀ ਮੁਲਕ ਦੀ ਵੱਡੀ ਪੁਲਾਂਘ ਮੰਨੀ ਜਾਵੇਗੀ ।

### ਕੀਟਨਾਸ਼ਕ ਤੇ ਸਿੰਚਾਈ ਦੀ ਜ਼ਰੂਰਤ ਨਹੀਂ

ਭੰਗ ਦੇ ਉਤਪਾਦਨ ਵਿਚ ਬੀਜ, ਖਾਦ, ਕੀਟਨਾਸ਼ਕ ਤੇ ਪਾਣੀ ਦੀ ਜ਼ਰੂਰਤ ਨਹੀਂ ਪੈਂਦੀ । ਭੰਗ ਪੂਰੇ ਮੁਲਕ ਵਿਚ ਕੁਦਰਤੀ ਤੌਰ 'ਤੇ ਜਦਕਿ ਕਪਾਹ ਦੇ ਉਤਪਾਦਨ ਵਿਚ ਵੱਡੀ ਪੱਧਰ 'ਤੇ ਕੀਟਨਾਸ਼ਕ ਦੀ ਵਰਤੋਂ ਹੁੰਦੀ ਹੈ । ਇਕ ਕਿੱਲੋਗ੍ਰਾਮ ਕਪਾਹ ਦੇ ਉਤਪਾਦਨ ਵਿਚ 4000 ਤੋਂ 5000 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ । ਭੰਗ ਦੀ ਖੇਤੀ ਵਰਖਾ ਦੇ ਪਾਣੀ ਨਾਲ ਹੀ ਸੰਭਵ ਹੁੰਦੀ ਹੈ ।

### ਚਾਰ ਗੁਣਾ ਵੱਧ ਰੇਸ਼ਾ ਹੁੰਦੈ

ਕਪਾਹ ਦੇ ਮੁਕਾਬਲੇ ਭੰਗ ਦੇ ਬੂਟੇ ਵਿੱਚੋਂ ਚਾਰ ਗੁਣਾ ਵੱਧ ਰੇਸ਼ਾ ਨਿਕਲਦਾ ਹੈ । ਇਸ ਨਾਲ ਕੱਪੜਾ ਬਣਾਉਣ ਤੋਂ ਲੈ ਕੇ ਹੌਲੀ ਹੌਲੀ ਕਪਾਹ 'ਤੇ ਨਿਰਭਰਤਾ ਖਤਮ ਹੋ ਜਾਵੇਗੀ । ਕਪਾਹ ਦੀ ਫਸਲ ਤਿਆਰ ਹੋਣ ਵਿਖ 6 ਤੋਂ 8 ਮਹੀਨੇ ਦਾ ਸਮਾਂ ਲੱਗਦਾ ਹੈ । ਭੰਗ ਦਾ ਬੂਟਾ ਚਾਰ ਮਹੀਨੇ ਵਿਚ ਤਿਆਰ ਹੁੰਦਾ ਹੈ । ਇਕ ਬਿੱਘਾ ਜ਼ਮੀਨ ਵਿਚ ਉੱਗੀ ਭੰਗ ਨਾਲ ਪੰਜ ਤੋਂ ਛੇ ਟਨ ਡੰਡਲ ਤਿਆਰ ਹੁੰਦੇ ਹਨ । ਜਾਨਵਰਾਂ ਤੋਂ ਫਸਲ ਦੀ ਰਾਖੀ ਕਰਨਾ ਕਿਸਾਨਾਂ ਲਈ ਪਹਾੜ ਜਿੰਨੀ ਚੁਣੌਤੀ ਹੁੰਦੀ ਹੈ ।

ਭੰਗ ਦੇ ਡੰਡਲ ਵਿਚ ਲਿਪਿਡ ਤੇ ਸੈਲੂਲੋਜ਼ ਹੁੰਦਾ ਹੈ । ਮਸ਼ੀਨ ਨਾਲ ਡੰਡਲ ਦੇ ਸੂਖਮ ਕਣ ਬਣਾਏ ਜਾਂਦੇ ਹਨ । ਫਿਰ ਇਸ ਵਿਚ ਪੋਲੀਲੈਕਟਿਕ ਐਸਿਡ (ਪੀ ਐੱਲ ਏ) ਮਿਲਾ ਕੇ ਦਾਣਾ ਤੇ ਉਸ ਤੋਂ ਬਾਇਓਡੀਗ੍ਰੇਡੇਬਲ ਪਲਾਸਟਿਕ ਤਿਆਰ ਹੁੰਦਾ ਹੈ । ਦਾਣੇ ਵਿਚ ਮਿਲਾਇਆ ਜਾਣ ਵਾਲਾ ਪੀ ਐੱਲ ਏ ਵੀ ਖੇਤੀ ਉਤਪਾਦਾਂ ਤੋਂ ਤਿਆਰ ਕੀਤਾ ਜਾਂਦਾ ਹੈ ।

## ਪੌਲੀਨੈਟ ਹਾਊਸ ਵਿੱਚ

# ਹਾਈਬ੍ਰਿਡ ਖੀਰੇ ਦੀ ਕਾਸ਼ਤ

ਆਰ. ਕੇ. ਢੱਲ, ਤਰਸੇਮ ਸਿੰਘ ਢਿੱਲੋਂ ਅਤੇ ਹੀਰਾ ਸਿੰਘ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਵੀ ਪੌਲੀਨੈਟ ਹਾਊਸ ਵਿੱਚ ਕਾਸ਼ਤ ਕਰਨ ਲਈ ਬੀਜ ਰਹਿਤ ਖੀਰੇ ਦੀ ਨਵੀਂ ਦੋਗਲੀ ਕਿਸਮ ਪੀ. ਕੇ. ਐਚ.-11 ਦੀ ਸਿਫਾਰਿਸ਼ ਕੀਤੀ ਹੈ ।**



**ਪੀ. ਕੇ. ਐਚ.-11 :** ਇਹ ਖੀਰੇ ਦੀ ਦੋਗਲੀ ਕਿਸਮ ਹੈ, ਜਿਸ ਦੇ ਫੁੱਲਾਂ ਨੂੰ ਫਲ ਬਣਨ ਲਈ ਪਰਪਰਾਗਣ ਦੀ ਲੋੜ ਨਹੀਂ ਹੁੰਦੀ ਅਤੇ ਬੂਟੇ ਦੀ ਹਰ ਗੰਢ 'ਤੇ 1 ਤੋਂ 2 ਫਲ ਲੱਗਦੇ ਹਨ । ਇਸ ਕਿਸਮ ਦੀ ਕਾਸ਼ਤ ਸਿਰਫ ਪੌਲੀ ਹਾਊਸ ਵਿੱਚ ਹੀ ਸਿਫਾਰਿਸ਼ ਕੀਤੀ ਗਈ ਹੈ । ਫਲ ਗੂੜ੍ਹੇ ਹਰੇ, ਕੂਲੇ, ਕੁੜੱਤਣ ਤੇ ਬੀਜ ਰਹਿਤ, ਦਰਮਿਆਨੇ ਲੰਬੇ (16-18 ਸੈਂਟੀਮੀਟਰ) ਅਤੇ ਔਸਤਨ 150-160 ਗ੍ਰਾਮ ਹੁੰਦੇ ਹਨ, ਜਿਨ੍ਹਾਂ ਨੂੰ ਛਿੱਲ ਲਾਹੇ ਬਿਨਾਂ ਹੀ ਖਾਧਾ ਜਾ ਸਕਦਾ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ 45 ਦਿਨਾਂ ਬਾਅਦ ਪਹਿਲੀ ਤੁੜਾਈ ਦੇ ਦਿੰਦੀ ਹੈ, ਪਰੰਤੂ ਜਨਵਰੀ ਮਹੀਨੇ ਬੀਜੀ ਫ਼ਸਲ ਪਹਿਲੀ ਤੁੜਾਈ ਲਈ 60 ਦਿਨ ਲੈਂਦੀ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 320 ਕੁਇੰਟਲ ਪ੍ਰਤੀ ਏਕੜ ਅਤੇ ਜਨਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 370 ਕੁਇੰਟਲ ਪ੍ਰਤੀ ਏਕੜ ਹੈ ।

**ਮੌਸਮ ਅਤੇ ਜ਼ਮੀਨ :** ਖੀਰੇ ਦੇ ਬੀਜ ਜੰਮ ਲਈ ਢੁੱਕਵਾਂ ਤਾਪਮਾਨ 25 ਤੋਂ 29 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ । ਫ਼ਸਲ ਦੇ ਵਧੇ ਲਈ ਦਿਨ ਦਾ ਤਾਪਮਾਨ 22 ਤੋਂ 24 ਡਿਗਰੀ ਸੈਂਟੀਗ੍ਰੇਡ ਅਤੇ ਰਾਤ ਦਾ ਤਾਪਮਾਨ 19 ਤੋਂ 20 ਡਿਗਰੀ ਸੈਂਟੀਗ੍ਰੇਡ ਬਹੁਤ ਅਨੁਕੂਲ ਹੁੰਦਾ ਹੈ । ਖੀਰੇ ਦੀ ਫ਼ਸਲ ਮੌਸਮੀ ਪ੍ਰਭਾਵ ਕਾਰਨ ਬਹੁਤ ਨਾਜ਼ੁਕ ਹੁੰਦੀ ਹੈ ਅਤੇ ਜ਼ਿਆਦਾ ਠੰਡ ਜਾਂ ਕੋਹਰੇ ਦਾ ਹਮਲਾ ਬਰਦਾਸ਼ਤ ਨਹੀਂ ਕਰ ਸਕਦੀ । ਜ਼ਿਆਦਾ ਸਿੱਲ੍ਹੇ ਮੌਸਮ ਵਿੱਚ ਗਿੱਚੀ ਗਲਣ ਦਾ ਰੋਗ ਹੋ ਜਾਂਦਾ ਹੈ । ਖੀਰੇ ਲਈ ਜ਼ਮੀਨ ਮੈਰਾ ਅਤੇ ਚੰਗੀ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ ।



**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ :** ਪੌਲੀ ਨੈਟ ਹਾਊਸ ਵਿੱਚ ਖੀਰੇ ਦੀ ਫ਼ਸਲ ਸਾਲ ਵਿੱਚ ਦੋ ਵਾਰ ਲੱਗ ਸਕਦੀ ਹੈ । ਪਹਿਲੀ ਫ਼ਸਲ ਸਤੰਬਰ ਦੇ ਪਹਿਲੇ ਹਫਤੇ ਵਿੱਚ ਬੀਜੀ ਜਾਂਦੀ ਹੈ ਪਰ ਬੀਜਣ ਸਮੇਂ ਤਾਪਮਾਨ ਅਤੇ ਨਮੀ ਦਾ ਧਿਆਨ ਰੱਖਣਾ ਜ਼ਰੂਰੀ ਹੈ, ਕਿਉਂਕਿ ਇਸ ਮੌਸਮ ਵਿੱਚ ਗਿੱਚੀ ਗਲਣ ਰੋਗ ਅਤੇ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਦੂਜੀ ਫਸਲ ਦਸੰਬਰ ਦੇ ਆਖਰੀ ਹਫਤੇ ਤੋਂ ਜਨਵਰੀ ਦੇ ਪਹਿਲੇ ਹਫਤੇ ਦਰਮਿਆਨ ਪਲਾਸਟਿਕ ਟਰੇਆਂ ਵਿੱਚ ਬੀਜੋ ਅਤੇ ਤਕਰੀਬਨ 30 ਦਿਨਾਂ ਬਾਅਦ ਪੌਲੀਨੈਟ ਹਾਊਸ ਵਿੱਚ ਲਾਉ । ਬੀਜ ਨੂੰ ਪਲਾਸਟਿਕ ਟਰੇਆਂ ਵਿੱਚ ਬੀਜੋ ਅਤੇ ਬਿਜਾਈ ਤੋਂ ਪਹਿਲਾਂ ਕੈਪਟਾਨ/ਥੀਰਮ/ਬਾਵਿਸਟਨ 2-3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ । ਸਤੰਬਰ ਵਿੱਚ ਬੀਜੀ ਹੋਈ ਪਨੀਰੀ 12-15 ਦਿਨਾਂ ਬਾਅਦ ਪੌਲੀ ਹਾਊਸ ਵਿੱਚ ਲਾਉਣ ਲਈ ਤਿਆਰ ਹੋ ਜਾਂਦੀ ਹੈ । ਇਸ ਮੌਸਮ ਵਿੱਚ ਪਨੀਰੀ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਵਾਸਤੇ ਪਲਾਸਟਿਕ ਨੈਟ ਨਾਲ ਢੱਕ ਦਿਉ । ਇਸ ਤਰ੍ਹਾਂ ਕਰਨ ਨਾਲ ਫ਼ਸਲ ਉੱਤੇ ਵਿਸ਼ਾਣੂ ਰੋਗਾਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ । ਇੱਕ ਏਕੜ ਵਿੱਚ ਪੌਲੀਨੈਟ ਹਾਊਸ ਵਿੱਚ 12000 ਤੋਂ 13000 ਬੂਟਿਆਂ ਦੀ ਲੋੜ ਹੈ । ਪਨੀਰੀ ਨੂੰ ਪੌਲੀ ਹਾਊਸ ਵਿੱਚ ਲਾਉਣ ਤੋਂ ਪਹਿਲਾਂ ਇਸ ਦੀਆਂ ਟਰੇਆਂ 'ਤੇ ਬਾਵਿਸਟਨ 2 ਗ੍ਰਾਮ ਪ੍ਰਤੀ ਲੀਟਰ ਪਾਣੀ ਨਾਲ ਛਿੜਕਾਅ ਕਰੋ ।

**ਬੈਡ ਬਣਾਉਣਾ ਅਤੇ ਡਰਿੱਪ ਪਾਈਪਾਂ ਵਿਛਾਉਣਾ :** ਪੌਲੀਨੈਟ ਹਾਊਸ ਵਿੱਚ ਪਟੜੇ (ਬੈਡ) ਤਿਆਰ ਕਰਦੇ ਸਮੇਂ ਹੇਠਲੇ ਪਾਸਿਉਂ ਬੈਡ 100-110 ਸੈਂਟੀਮੀਟਰ ਚੌੜਾ ਬਣਾਉ ਅਤੇ ਬੈਡ ਤਿਆਰ ਹੋਣ ਬਾਅਦ ਉਪਰਲੇ ਪਾਸਿਉਂ 60 ਤੋਂ 70 ਸੈਂਟੀਮੀਟਰ ਚੌੜਾ ਰੱਖੋ । ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ ਵਿੱਚ ਲਾਉ । ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ/ਲਵਾਈ ਤ੍ਰਿਕੋਣੀ ਆਧਾਰ ਵਿੱਚ ਕਰੋ ਭਾਵ ਕਿ ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਾਉਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਬੂਟੇ ਨੂੰ ਧੁੱਪ ਅਤੇ ਹਵਾ ਬਰਾਬਰ ਮਿਲਦੀ ਹੈ ਅਤੇ ਫਲ ਜ਼ਿਆਦਾ ਲੱਗਦਾ ਹੈ ।

**ਫਾਸਲਾ ਅਤੇ ਸਿੰਚਾਈ :** ਕਤਾਰਾਂ ਵਿਚਲਾ ਫਾਸਲਾ 45-50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖੋ । ਇੱਕ ਬੈਡ ਤੇ ਦੋ ਡਰਿੱਪ ਲਾਈਨਾਂ (ਪਾਈਪਾਂ) ਵਿਛਾ ਦਿਉ । ਪਾਈਪ ਜਿਸ ਦੇ ਡਰਿਪਰਾਂ ਵਿਚਕਾਰ ਫਾਸਲਾ ਇੱਕ ਫੁੱਟ ਅਤੇ ਡਰਿੱਪਰ ਦੀ ਪਾਣੀ ਨਿਕਾਸੀ ਸਮਰੱਥਾ 2.0 ਲੀਟਰ ਪ੍ਰਤੀ ਘੰਟਾ ਰੱਖੋ ।

**ਵੇਲਾਂ ਦੀ ਕਾਂਟ-ਛਾਂਟ ਅਤੇ ਸਿਧਾਈ :** ਖੀਰੇ ਦੇ ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵਲ ਚਾੜ੍ਹੋ । ਬੂਟੇ ਦਾ ਵਾਧਾ ਜਦ ਤਕਰੀਬਨ 2 ਤੋਂ 3 ਫੁੱਟ ਦਾ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲਗਭਗ ਇੱਕ ਫੁੱਟ ਤੱਕ ਸਾਰੇ ਫੁੱਲ ਮਸਲ ਦਿਉ ਤਾਂ ਜੋ ਬੂਟੇ ਦਾ ਵਾਧਾ ਉੱਪਰ ਵਲ ਜ਼ਿਆਦਾ ਹੋਵੇ । ਜੇ ਬੂਟੇ ਦੀ ਇੱਕ ਗੰਢ 'ਤੇ ਜ਼ਿਆਦਾ ਫੁੱਲ ਤਿਆਰ ਹੋਣ ਅਤੇ ਮਾਦਾ ਫੁੱਲ ਸੁੱਕਣ ਲੱਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲਾਂ ਨੂੰ ਮਸਲਿਆ ਜਾ ਸਕਦਾ ਹੈ । ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕੱਟ ਦਿਉ । ਇਸ ਤਰ੍ਹਾਂ ਕਰਨ ਨਾਲ ਵੇਲਾਂ ਨਰੋਈਆਂ ਅਤੇ ਫਲ ਭਰਪੂਰ ਲੱਗਦਾ ਹੈ ।

**ਤੁੜਾਈ :** ਫਲ ਜਦ ਕੱਚੇ ਅਤੇ ਗੂੜ੍ਹੇ ਹਰੇ ਰੰਗ ਦੇ ਹੋਣ ਤਾਂ ਤੋੜ ਲਉ । ਤੁੜਾਈਆਂ ਫਲਾਂ ਦੇ ਵਧੇ ਅਨੁਸਾਰ 3-4 ਦਿਨ ਦੇ ਵਕਫੇ 'ਤੇ ਕਰਦੇ ਰਹੋ । ਇਸ ਨਾਲ ਨਵੇਂ ਫਲ ਜਲਦੀ ਲੱਗਦੇ ਹਨ ਅਤੇ ਝਾੜ ਵਿੱਚ ਵਾਧਾ ਵੀ ਹੁੰਦਾ ਹੈ ।

**ਬਿਮਾਰੀਆਂ ਅਤੇ ਕੀੜੇ-ਮਕੌੜੇ :** ਪੌਲੀ ਨੈਟ ਹਾਊਸ ਵਿੱਚ ਖੀਰੇ ਤੇ ਪੀਲੇ ਧੱਬਿਆਂ ਦਾ ਰੋਗ, ਗਿੱਚੀ ਗਲਣਾ, ਝੁਲਸ ਰੋਗ, ਵਿਸ਼ਾਣੂ ਰੋਗ ਅਤੇ ਜੜ੍ਹ ਗੰਢ ਨਿਮਾਟੋਡ ਬਿਮਾਰੀਆਂ ਲੱਗਦੀਆਂ ਹਨ । ਕੀੜੇ-ਮਕੌੜਿਆਂ ਵਿੱਚ ਚਿੱਟੀ ਮੱਖੀ, ਤੇਲਾ, ਥਰਿੱਪ ਅਤੇ ਲਾਲ ਮਕੌੜੇ ਜੂੰ ਖੀਰੇ ਦੀ ਫ਼ਸਲ 'ਤੇ ਹਮਲਾ ਕਰਦੀਆਂ ਹਨ । ਜੜ੍ਹ ਗੰਢ ਨਿਮਾਟੋਡ ਦੀ ਬਿਮਾਰੀ ਨੂੰ ਘਟਾਉਣ ਲਈ ਜ਼ਮੀਨ ਵਿੱਚ ਸਰ੍ਹੋਂ ਦੀ ਖਲ 40 ਕਿਲੋ ਪ੍ਰਤੀ ਏਕੜ, ਨੀਮ ਕੇਕ 40 ਕਿਲੋ ਪ੍ਰਤੀ ਏਕੜ ਅਤੇ ਗਲੀ-ਸੜੀ ਰੂੜੀ 100 ਕਿਲੋ ਪ੍ਰਤੀ ਏਕੜ ਨੂੰ ਖੇਤ ਤਿਆਰ ਕਰਨ ਸਮੇਂ ਪਾਉ ।

---

ਬਲਜੀਤ ਸਿੰਘ, ਨਵਨੀਤ ਕੌਰ
ਅਤੇ ਰਿਸ਼ੀ ਇੰਦਰਾ ਸਿੰਘ ਗਿੱਲ,
ਵਣ ਅਤੇ ਕੁਦਰਤੀ ਸੋਮੇ ਵਿਭਾਗ,
ਪੀ. ਏ. ਯੂ., ਲੁਧਿਆਣਾ



# ਵਣ ਖੇਤੀ ਦੇ ਮੁੱਖ ਰੁੱਖਾਂ ਲਈ ਖਾਦਾਂ ਦੀ ਲੋੜ

ਪਾਪਲਰ, ਸਫੈਦਾ ਅਤੇ ਡੇਕ ਜੋ ਕਿ ਤੇਜ਼ੀ ਨਾਲ ਵਧਣ ਵਾਲੇ ਦਰਖਤ ਹਨ, ਨੂੰ ਪੰਜਾਬ ਦੇ ਕਿਸਾਨਾਂ ਨੇ ਕਾਫ਼ੀ ਰਕਬੇ ਵਿੱਚ ਹਰ ਤਰ੍ਹਾਂ ਦੀ ਜ਼ਮੀਨ 'ਤੇ ਲਾਇਆ ਹੋਇਆ ਹੈ । ਜੇ ਇਹਨਾਂ ਦਰਖਤਾਂ ਨੂੰ ਫ਼ਸਲਾਂ ਦੇ ਨਾਲ ਲਾਇਆ ਹੋਵੇ ਤਾਂ, ਇਹ ਖੁਰਾਕੀ ਤੱਤਾਂ ਦੀ ਲੋੜ ਦਾ ਕੁਝ ਹਿੱਸਾ ਫਸਲਾਂ ਨੂੰ ਪਾਈਆਂ ਖਾਦਾਂ ਤੋਂ ਵੀ ਪੂਰੀ ਕਰ ਲੈਂਦੇ ਹਨ । ਇਸ ਤੋਂ ਇਲਾਵਾ ਵਣ-ਖੇਤੀ ਦੇ ਮੁੱਖ ਰੁੱਖਾਂ ਲਈ ਖਾਦਾਂ ਦੀਆਂ ਲੋੜਾਂ ਤੋਂ ਜਾਣੂੰ ਹੋਈਏ ਤਾਂ ਜੋ ਸਮੇਂ ਸਿਰ ਇਹਨਾਂ ਦੀ ਘਾਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾ ਸਕੀਏ ।

**ਪਾਪਲਰ ਲਈ ਖਾਦਾਂ ਦੀ ਸਿਫਾਰਿਸ਼ :** ਵਣ ਖੇਤੀ ਪ੍ਰਣਾਲੀ ਵਿੱਚ ਪਾਪਲਰ ਦੇ ਰੁੱਖਾਂ ਦੀ ਚੰਗੀ ਲੰਬਾਈ ਅਤੇ ਮੋਟਾਈ ਲਈ ਬੂਟੇ ਦੀ ਉਮਰ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਖਾਦ ਦਾ ਇੱਕ ਤਿਹਾਈ ਨਾਈਟਰੋਜਨ ਮਈ ਦੇ ਮਹੀਨੇ ਵਿੱਚ ਹਾੜ੍ਹੀ ਦੀ ਫ਼ਸਲ ਦੀ ਕਟਾਈ ਤੋਂ ਬਾਅਦ, ਇੱਕ-ਤਿਹਾਈ ਨਾਈਟਰੋਜਨ ਜੁਲਾਈ ਅਤੇ ਬਾਕੀ ਇੱਕ ਤਿਹਾਈ ਨਾਈਟਰੋਜਨ ਸਤੰਬਰ ਵਿੱਚ ਪਾਉ । ਪਾਪਲਰ ਨੂੰ ਹਰ ਸਾਲ ਫਾਸਫੋਰਸ ਪਾਉਣ ਦੀ ਲੋੜ ਨਹੀਂ ਹੈ ।

**ਪਾਪਲਰ ਵਿੱਚ ਜ਼ਿੰਕ ਦੀ ਘਾਟ :** ਜ਼ਿੰਕ ਦੀ ਘਾਟ ਸਭ ਤੋਂ ਪਹਿਲਾਂ ਨਰਸਰੀ ਵਿੱਚ ਆਉਂਦੀ ਹੈ । ਜ਼ਿੰਕ ਦੀ ਘਾਟ ਆਉਣ ਤੇ ਪੱਤਿਆਂ ਦੀਆਂ ਨਾੜੀਆਂ ਵਿਚਲਾ ਹਰਾ ਹਿੱਸਾ ਪੱਤੇ ਦੇ ਕਿਨਾਰਿਆਂ ਦੇ ਨਾਲ-ਨਾਲ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਪੀਲਾਪਨ ਪੱਤੇ ਦੇ ਆਧਾਰ ਵੱਲ ਵੱਧਦਾ ਹੈ । ਪਾਪਲਰ ਦੀ ਨਰਸਰੀ ਵਿੱਚ, ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21% ਜ਼ਿੰਕ) ਜਾਂ 25 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33% ਜ਼ਿੰਕ)/ਏਕੜ ਦੇ ਹਿਸਾਬ ਨਾਲ ਨਰਸਰੀ ਲਗਾਉਣ ਸਮੇਂ ਪਾਉ । ਇਸ ਖੁਰਾਕ ਨੂੰ 2 ਸਾਲ ਬਾਅਦ ਦੁਬਾਰਾ ਪਾ ਦੇਣਾ ਚਾਹੀਦਾ ਹੈ ।

**ਸਫੈਦੇ ਲਈ ਖਾਦਾਂ ਦੀ ਸਿਫਾਰਿਸ਼ :** ਸਫੈਦੇ ਦੀ ਵੱਧ ਪੈਦਾਵਾਰ ਲੈਣ ਲਈ ਬੂਟੇ ਦੀ ਉਮਰ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਸਾਰੀ ਡੀ. ਏ. ਪੀ./ਐਸ. ਐਸ. ਪੀ. ਅਤੇ ਇੱਕ ਤਿਹਾਈ ਯੂਰੀਆ ਅਪ੍ਰੈਲ, ਇੱਕ ਤਿਹਾਈ ਯੂਰੀਆ ਜੁਲਾਈ ਅਤੇ ਬਾਕੀ ਇੱਕ ਤਿਹਾਈ ਅਕਤੂਬਰ ਵਿੱਚ ਪਾਉਣਾ ਚਾਹੀਦਾ ਹੈ । ਪਹਿਲੇ ਦੋ ਸਾਲ ਖਾਦਾਂ ਬੂਟੇ ਦੁਆਲੇ ਇੱਕ ਮੀਟਰ ਘੇਰੇ ਵਿੱਚ ਅਤੇ ਤੀਜੇ ਤੋਂ ਛੇਵੇਂ ਸਾਲ ਦੋ ਮੀਟਰ ਘੇਰੇ ਵਿੱਚ ਪਾਉਣੀਆਂ ਚਾਹੀਦੀਆਂ ਹਨ ।

**ਸਫੈਦੇ ਵਿੱਚ ਲੋਹੇ ਦੀ ਘਾਟ :** ਘਾਟ ਆਉਣ ਦੀ ਸੂਰਤ ਵਿੱਚ ਨਵੇਂ ਨਿਕਲਦੇ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲਾ ਹਰਾ ਮਾਦਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ । ਜ਼ਿਆਦਾ ਘਾਟ ਆਉਣ ਦੀ ਹਾਲਤ ਵਿੱਚ ਕਈ ਵਾਰੀ ਪੱਤਿਆਂ ਦਾ ਰੰਗ ਚਿੱਟਾ ਹੋਣ ਲੱਗ ਜਾਂਦਾ ਹੈ । ਬੂਟਿਆਂ ਵਿੱਚ ਲੋਹੇ ਦੀ ਘਾਟ ਦੀ 0.5% (500 ਗ੍ਰਾਮ 100 ਲੀਟਰ ਪਾਣੀ ਵਿੱਚ) ਫੈਰਸ ਸਲਫੇਟ ਦੇ 4-5 ਛਿੜਕਾਅ ਦੇ ਨਾਲ ਪੂਰੀ ਕੀਤੀ ਜਾ ਸਕਦੀ ਹੈ ।

**ਡੇਕ ਲਈ ਖਾਦਾਂ ਦੀ ਸਿਫਾਰਿਸ਼ :** ਹਰ ਸਾਲ ਬੂਟੇ ਦੀ ਉਮਰ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਇੱਕ-ਤਿਹਾਈ ਨਾਈਟਰੋਜਨ ਫ਼ਸਲ ਦੀ ਕਟਾਈ ਤੋਂ ਬਾਅਦ ਮਈ ਵਿੱਚ, ਇੱਕ-ਤਿਹਾਈ ਨਾਈਟਰੋਜਨ ਜੁਲਾਈ ਅਤੇ ਬਾਕੀ ਇੱਕ-ਤਿਹਾਈ ਸਤੰਬਰ ਵਿੱਚ ਪਾਉਣੀ ਚਾਹੀਦੀ ਹੈ । ਇਹ ਖੁਰਾਕੀ ਤੱਤਾਂ ਦੀ ਮਾਤਰਾ ਦਰਮਿਆਨੀ ਨਾਈਟਰੋਜਨ ਵਾਲੀਆਂ ਜ਼ਮੀਨਾਂ ਲਈ ਦਿੱਤੀ ਗਈ ਹੈ । ਮਿੱਟੀ ਵਿੱਚ ਘੱਟ ਨਾਈਟਰੋਜਨ ਵਾਲੀਆਂ ਜ਼ਮੀਨਾਂ ਲਈ ਇਸ ਮਾਤਰਾ ਤੋਂ 25% ਜ਼ਿਆਦਾ ਯੂਰੀਆ ਪਾਉ । ਮਿੱਟੀ ਵਿੱਚ ਵੱਧ ਨਾਈਟਰੋਜਨ ਵਾਲੀਆਂ ਜ਼ਮੀਨਾਂ ਵਿੱਚ ਇਸ ਮਾਤਰਾ ਤੋਂ 25% ਘੱਟ ਯੂਰੀਆ ਪਾਉ । ਡੇਕ ਨੂੰ ਹਰ ਸਾਲ ਫਾਸਫੋਰਸ ਪਾਉਣ ਦੀ ਲੋੜ ਨਹੀਂ ਹੈ ।

**ਬਾਜਰਾ ਸਾਨੂੰ ਬਹੁਤ ਜ਼ਿਆਦਾ ਖਾਣ ਜਾਂ ਸਰੀਰਕ ਸਿਸਟਮ ਨੂੰ ਗੈਰ-ਸਿਹਤਮੰਦ ਕਬਾੜ ਨਾਲ ਭਰਨ ਤੋਂ ਰੋਕਦਾ ਹੈ। ਇਸ ਨੂੰ ਪਚਣ ਵਿੱਚ ਵੀ ਲੰਬਾ ਸਮਾਂ ਲੱਗਦਾ ਹੈ।**



# ਖ਼ੁਸ਼ਹਾਲੀ ਦਾ ਸਬੱਬ ਬਣ ਸਕਦੈ ਬਾਜਰਾ

ਪ੍ਰਭਦੀਪ ਸਿੰਘ ਨੱਥੋਵਾਲ, ਮੋ. 94639-91401

ਸੰਯੁਕਤ ਰਾਸ਼ਟਰ ਮਹਾਸਭਾ ਨੇ ਸਾਲ 2023 ਨੂੰ ਵਿਸ਼ਵ ਭਰ ਵਿੱਚ ਮੋਟੇ ਅਨਾਜ (ਮਿਲੇਟਸ) ਨੂੰ ਉਤਸ਼ਾਹਿਤ ਕਰਨ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੋਇਆ ਹੈ। ਸੰਯੁਕਤ ਰਾਸ਼ਟਰ ਮਹਾਸਭਾ ਦੇ ਮਤੇ ਦੀ ਰੌਸ਼ਨੀ ਵਿੱਚ ਦੇਸ਼ ਭਰ ਵਿੱਚ ਮੋਟੇ ਅਨਾਜ (ਖਾਸ ਕਰਕੇ ਬਾਜਰਾ) ਦੀ ਖਪਤ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਨੇ ਆਪਣੇ ਪੱਧਰ 'ਤੇ ਹੀ ਮੁਹਿੰਮ ਛੇੜੀ ਹੋਈ ਹੈ। ਇਸ ਤਹਿਤ ਕਿਸਾਨਾਂ ਨੂੰ ਮੋਟੇ ਅਨਾਜ ਦੀ ਖੇਤੀ ਕਰਨ ਅਤੇ ਖਪਤਕਾਰਾਂ ਨੂੰ ਇਨ੍ਹਾਂ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਨੇ ਤਾਂ ਆਪਣੇ ਸਾਲ 2023-24 ਦੇ ਬਜਟ ਵਿੱਚ ਮਿਲੇਟ ਰਿਸਰਚ ਇੰਸਟੀਚਿਊਟ ਲਈ ਵਿਸ਼ੇਸ਼ ਵੰਡ ਰੱਖਣ ਦੇ ਨਾਲ-ਨਾਲ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੂੰ ਜਨਤਕ ਵੰਡ ਪ੍ਰਣਾਲੀ ਤਹਿਤ ਇਹ ਅਨਾਜ ਮੁਹੱਈਆ ਕਰਵਾਉਣ ਦਾ ਵੀ ਫੈਸਲਾ ਕੀਤਾ ਹੈ।

ਭਾਰਤੀਆਂ ਬਾਰੇ ਅੱਜ ਵੀ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਦਾ ਦਿਨ ਘਰ ਦੇ ਖਾਣੇ ਨਾਲ ਹੀ ਮੁਕੰਮਲ ਮੰਨਿਆ ਜਾਂਦਾ ਹੈ। ਘਰ ਦੇ ਖਾਣੇ ਵਿੱਚ ਚੌਲਾਂ ਜਾਂ ਕਣਕ ਦੇ ਫੁਲਕੇ ਨਾਲ ਮਨਪਸੰਦ ਦਾਲ-ਸਬਜ਼ੀ ਹੋਣੀ ਚਾਹੀਦੀ ਹੈ। ਅਸੀਂ ਅਨਾਜ ਦੀਆਂ ਇਨ੍ਹਾਂ ਫ਼ਸਲਾਂ ਦੇ ਇੰਨੇ ਆਦੀ ਹੋ ਗਏ ਹਾਂ ਕਿ ਅਕਸਰ ਬਾਜਰੇ ਅਤੇ ਹੋਰ ਮੋਟੇ ਅਨਾਜਾਂ ਤੋਂ ਖੁੰਝ ਜਾਂਦੇ ਹਾਂ, ਜਿਹੜੇ ਕਿ ਨਿੱਤ ਦੇ ਭੋਜਨ ਦੇ ਬਹੁਤ ਪ੍ਰਭਾਵਸ਼ਾਲੀ ਅਤੇ ਪੌਸ਼ਟਿਕ ਵਿਕਲਪ ਹਨ। ਬਾਜਰਾ ਜਾਂ ਹੋਰ ਮੋਟੇ ਅਨਾਜ ਸਾਡੇ ਲਈ ਕੋਈ ਨਵਾਂ ਭੋਜਨ ਨਹੀਂ ਹਨ। ਬਾਜਰਾ ਤਾਂ ਸਾਡੀ ਲੋਕਧਾਰਾ ਦਾ ਵੀ ਅਨਿੱਖੜਵਾਂ ਹਿੱਸਾ ਹੈ। 'ਪੰਜਾਬ ਦੀ ਕੋਇਲ' ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦਾ ਗਾਇਆ ਗੀਤ 'ਬਾਜਰੇ ਦਾ ਸਿੱਟਾ ਵੇ ਅਸਾਂ ਤਲੀ ਉੱਤੇ ਮਰੋੜਿਆਂ/ਰੁੱਠੜਾ ਜਾਂਦਾ ਮਾਹੀਆ ਵੇ ਅਸੀਂ ਗਲੀ ਵਿੱਚੋਂ ਮੋੜਿਆ' ਭਲਾ ਕਿਸ ਨੇ ਨਹੀਂ ਸੁਣਿਆ। ਬਾਜਰੇ ਦਾ ਸਿੱਟਾ ਨਾਂ ਦੀ ਪੰਜਾਬੀ ਫਿਲਮ ਵੀ ਪਿਛਲੇ ਸਾਲ ਆਈ ਹੈ। ਬਾਜਰਾ ਤੇ ਮੋਟੇ ਅਨਾਜਾਂ ਦਾ ਸੇਵਨ ਕਰਨ ਵਾਲੇ ਪੰਜਾਬੀ ਰਿਸ਼ਟ-ਪੁਸ਼ਟ ਹੁੰਦੇ ਸਨ। 'ਫਾਸਟ ਫੂਡ' ਨੇ ਤਾਂ ਹੁਣ ਪੰਜਾਬੀਆਂ ਦੀ ਸਿਹਤ ਨਾਲ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ। ਜੇਕਰ ਇਕੱਲੇ ਬਾਜਰੇ ਦੀ ਹੋਂਦ ਜਾਂ ਵਰਤੋਂ ਦੀ ਗੱਲ ਕੀਤੀ ਜਾਵੇ ਤਾਂ ਇਹ ਹਜ਼ਾਰਾਂ ਸਾਲਾਂ ਤੋਂ ਪ੍ਰਚਲਿਤ ਹੈ। ਕਿਸੇ ਸਮੇਂ ਇਹ ਸਾਡੇ ਨਿੱਤ ਦੇ ਭੋਜਨ ਦਾ ਬਹੁਤ ਹੀ ਖਾਸ ਹਿੱਸਾ ਰਹਿ ਚੁੱਕਾ ਹੈ। ਇਸ ਭੋਜਨ ਦਾ ਬਹੁਤ ਹੀ ਖਾਸ ਹਿੱਸਾ ਰਹਿ ਚੁੱਕਾ ਹੈ।



ਇਸ ਭੋਜਨ ਵਿੱਚ ਉਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਮੌਜੂਦ ਹਨ, ਜੋ ਇਨਸਾਨ ਨੂੰ ਪੂਰੀ ਤਰ੍ਹਾਂ ਤੰਦਰੁਸਤ ਬਣਾਉਂਦੇ ਹਨ। ਬਾਜਰਾ ਵੀ ਇੱਕ ਆਮ ਫ਼ਸਲ ਹੈ, ਜਿਸ ਨੂੰ ਕਿਸਾਨਾਂ ਦੁਆਰਾ ਪੈਦਾ ਕੀਤਾ ਜਾਂਦਾ ਹੈ ਪਰ ਪਿਛਲੇ ਕੁਝ ਦਹਾਕਿਆਂ ਦੌਰਾਨ ਬਾਜਰੇ ਨੂੰ ਹੋਰ ਅਨਾਜਾਂ ਦੁਆਰਾ ਪਿਛਾਂਹ ਕਰ ਦਿੱਤਾ ਗਿਆ ਹੈ।

ਜੇਕਰ ਸਾਲ 2022 ਦੀ ਭਾਰਤ ਦੀ ਨੈਸ਼ਨਲ ਫੈਮਿਲੀ ਹੈਲਥ ਸਰਵੇ 5 ਰਿਪੋਰਟ ਉੱਤੇ ਨਜ਼ਰ ਮਾਰੀਏ ਤਾਂ ਭਾਰਤ ਵਿੱਚ 59.1% ਔਰਤਾਂ ਅਨੀਮੀਆ (ਖੂਨ ਦੀ ਕਮੀ) ਦੇ ਰੋਗ ਤੋਂ ਪੀੜਤ ਹਨ, 32.1% ਬੱਚੇ ਘੱਟ ਵਜ਼ਨ ਵਾਲੇ ਹਨ ਅਤੇ ਦੇਸ਼ ਦੀ ਲਗਭਗ 8.9% ਆਬਾਦੀ ਨੂੰ ਸ਼ੂਗਰ ਹੈ। ਅਜਿਹੀ ਸਥਿਤੀ ਵਿੱਚ ਸਾਡੇ ਭੋਜਨ ਵਿਕਲਪਾਂ ਨੂੰ ਬਦਲਣਾ ਅਤੇ ਸਿਹਤਮੰਦ, ਹਲਕੇ ਅਤੇ ਉੱਚ ਪੌਸ਼ਟਿਕ ਭੋਜਨ ਉਤਪਾਦਾਂ ਵੱਲ ਵਧਣਾ ਸਭ ਤੋਂ ਵੱਧ ਮਹੱਤਵਪੂਰਨ ਹੋ ਜਾਂਦਾ ਹੈ, ਜੋ ਸਾਡੇ ਸਰੀਰ ਦੀ ਕਿਸਮ ਅਤੇ ਮੌਸਮੀ ਸਥਿਤੀਆਂ ਲਈ ਸਹੀ ਹਨ। ਆਓ ! ਤੁਹਾਨੂੰ ਦੱਸੀਏ ਕਿ ਬਾਜਰਾ ਤੁਹਾਨੂੰ ਕਿਵੇਂ ਪੋਸ਼ਣ ਦਿੰਦਾ ਹੈ, ਬਿਮਾਰੀਆਂ ਦਾ ਇਲਾਜ ਕਰਦਾ ਹੈ ਅਤੇ ਇੱਕ ਸ਼ਾਨਦਾਰ ਵਿਕਲਪ ਬਣ ਸਕਦਾ ਹੈ। ਇੱਥੇ ਕੁਝ ਮੁੱਖ ਕਾਰਨ ਵੀ ਹਨ ਕਿ ਬਾਜਰਾ ਅਤੇ ਹੋਰ ਮੋਟੇ ਅਨਾਜ ਸਾਡੇ ਰੋਜ਼ ਦੇ ਖਾਣੇ ਦਾ ਹਿੱਸਾ ਕਿਉਂ ਹੋਣੇ ਚਾਹੀਦੇ ਹਨ। ਜਿਵੇਂ ਕਿ ਅਸੀਂ ਦੇਖਦੇ ਹਾਂ ਕਿ ਵਿਸ਼ਵ ਦੀ ਆਬਾਦੀ ਲਗਾਤਾਰ ਵੱਧ ਰਹੀ ਹੈ, ਆਉਣ ਵਾਲੇ ਸਮੇਂ ਵਿੱਚ ਹਰੇਕ ਮਨੁੱਖ ਨੂੰ ਭੋਜਨ ਮਿਲੇ, ਇਹ ਵੀ ਇੱਕ ਚੁਣੌਤੀ ਦੀ ਤਰ੍ਹਾਂ ਹੈ। ਜਿਸ ਤਰ੍ਹਾਂ ਅੱਜ ਜਲਵਾਯੂ ਸੰਕਟ ਅਤੇ ਘੱਟ ਰਹੇ ਕੁਦਰਤੀ ਸਰੋਤਾਂ ਦੀ ਸਮੱਸਿਆ ਸਾਨੂੰ ਦਰਪੇਸ਼ ਹੈ, ਉਸ ਸਥਿਤੀ ਵਿੱਚ ਮਨੁੱਖ ਦੀਆਂ ਭੋਜਨ ਲੋੜਾਂ ਨੂੰ ਪੂਰਾ ਕਰਨ ਬਾਰੇ ਹੁਣੇ ਤੋਂ ਹੀ ਇੱਕ ਖਾਕਾ ਤਿਆਰ ਕਰਨਾ ਪਵੇਗਾ। ਅਜਿਹੀ ਸਥਿਤੀ ਵਿੱਚ ਬਾਜਰੇ ਸਮੇਤ ਮੋਟੇ ਅਨਾਜ ਇਸ ਦਾ ਹੱਲ ਹੋ ਸਕਦੇ ਹਨ। ਇਹ ਅਨਾਜ ਕਠੋਰ ਜਲਵਾਯੂ ਹਾਲਤਾਂ ਵਿੱਚ ਆਪਣੇ-ਆਪ ਨੂੰ ਬਚਾ ਕੇ ਰੱਖ ਸਕਦੇ ਹਨ ਅਤੇ ਇਨ੍ਹਾਂ ਦੀ ਪੈਦਾਵਾਰ ਨਾਲ ਕੁਦਰਤੀ ਸਰੋਤਾਂ ਨੂੰ ਕੋਈ ਨੁਕਸਾਨ ਵੀ ਨਹੀਂ ਹੁੰਦਾ। ਬਾਜਰਾ ਜਲਵਾਯੂ ਅਨੁਕੂਲ ਅਤੇ ਸੋਕਾ ਰੋਕੂ ਹੁੰਦਾ ਹੈ। ਇਸ ਦੀ ਫ਼ਸਲ ਬਿਮਾਰੀਆਂ ਅਤੇ ਕੀੜਿਆਂ ਪ੍ਰਤੀ ਸਹਿਣਸ਼ੀਲ ਹੁੰਦੀ ਹੈ, ਜਿਸ ਨਾਲ ਉਹ ਉਲਟ ਮੌਸਮੀ ਸਥਿਤੀਆਂ ਵਿੱਚ ਬਚੀ ਰਹਿ ਸਕਦੀ ਹੈ। ਭਾਵ ਇਸ ਨਦੀ ਨਾ ਤਾਂ ਬਹੁਤੇ ਪਾਣੀ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਇਸ ਦੀ ਪੈਦਾਵਾਰ ਲਈ ਕੋਈ ਵਿਸ਼ੇਸ਼ ਤਕਨੀਕੀ ਉਪਰਾਲੇ ਕਰਨ ਦੀ ਲੋੜ ਰਹਿੰਦੀ ਹੈ। ਇਹ ਇੱਕ-ਇੱਕ ਫ਼ਸਲ ਹੁੰਦੀ ਹੈ, ਜੋ ਖੁਸ਼ਕ ਮੌਸਮ ਵਿੱਚ ਵੀ ਉਗਾਈ ਜਾ ਸਕਦੀ ਹੈ।

**ਬਾਜਰਾ ਜਲਵਾਯੂ ਅਨੁਕੂਲ ਅਤੇ ਸੋਕਾ ਰੋਕੂ ਹੁੰਦਾ ਹੈ। ਇਸ ਦੀ ਫ਼ਸਲ ਬਿਮਾਰੀਆਂ ਅਤੇ ਕੀੜਿਆਂ ਪ੍ਰਤੀ ਸਹਿਣਸ਼ੀਲ ਹੁੰਦੀ ਹੈ, ਜਿਸ ਨਾਲ ਉਹ ਉਲਟ ਮੌਸਮੀ ਸਥਿਤੀਆਂ ਵਿੱਚ ਬਚੀ ਰਹਿ ਸਕਦੀ ਹੈ। ਭਾਵ ਇਸ ਨਦੀ ਨਾ ਤਾਂ ਬਹੁਤੇ ਪਾਣੀ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਇਸ ਦੀ ਪੈਦਾਵਾਰ ਲਈ ਕੋਈ ਵਿਸ਼ੇਸ਼ ਤਕਨੀਕੀ ਉਪਰਾਲੇ ਕਰਨ ਦੀ ਲੋੜ ਰਹਿੰਦੀ ਹੈ। ਇਹ ਇੱਕੋ-ਇੱਕ ਫ਼ਸਲ ਹੁੰਦੀ ਹੈ, ਜੋ ਖੁਸ਼ਕ ਮੌਸਮ ਵਿੱਚ ਵੀ ਉਗਾਈ ਜਾ ਸਕਦੀ ਹੈ।**

ਬਾਜਰੇ ਨੂੰ ਲੰਬੇ ਸਮੇਂ ਲਈ ਸਟੋਰ ਕੀਤਾ ਜਾ ਸਕਦਾ ਹੈ ਅਤੇ ਇਹ ਲਾਗ-ਰੋਧਕ ਰਹਿੰਦਾ ਹੈ। ਬਾਜਰਾ ਸਾਨੂੰ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦਾ ਹੈ। ਇਹ ਸਾਡੇ ਸਰੀਰ ਨੂੰ ਮੁੱਖ ਰੂਪ ਵਿੱਚ ਐਂਟੀਆਕਸੀਡੈਂਟ, ਖਣਿਜ ਅਤੇ ਪ੍ਰੋਟੀਨ ਪ੍ਰਦਾਨ ਕਰਦਾ ਹੈ। ਪੂਰੇ ਅਨਾਜ ਦੇ ਰੂਪ ਵਿੱਚ ਬਾਜਰੇ ਦੀਆਂ ਵੱਖ-ਵੱਖ ਕਿਸਮਾਂ ਫਾਈਬਰ ਦੀ ਉਚਿੱਤ ਮਾਤਰਾ ਵੀ ਪ੍ਰਦਾਨ ਕਰਦੀਆਂ ਹਨ, ਜੋ ਅੰਤੜੀਆਂ ਦੇ ਕੰਮ, ਬਲੱਡ ਸ਼ੂਗਰ ਅਤੇ ਲਿਪਿਡਸ ਨੂੰ ਨਿਯਮਤ ਕਰਨ ਵਿੱਚ ਭੂਮਿਕਾ ਨਿਭਾਉਂਦੀਆਂ ਹਨ। ਇਸ ਤੋਂ ਇਲਾਵਾ ਬਾਜਰਾ ਘੱਟ-ਗਲਾਈਸੈਮਿਕ ਸੂਚਕ ਅੰਕ ਦੇ ਨਾਲ ਗਲੂਟਨ-ਮੁਕਤ ਹੁੰਦਾ ਹੈ, ਜੋ ਸੇਲੀਏਕ ਬਿਮਾਰੀ ਜਾਂ ਗਲੂਟਨ ਅਸਹਿਣਸ਼ੀਲਤਾ, ਹਾਈ-ਬਲੱਡ ਸ਼ੂਗਰ ਜਾਂ ਸ਼ੂਗਰ ਵਾਲੇ ਲੋਕਾਂ ਲਈ ਇੱਕ ਵਧੀਆ ਭੋਜਨ ਵਿਕਲਪ ਬਣਾਉਂਦਾ ਹੈ। ਇਹ ਬਹੁਤ ਹੀ ਘੱਟ ਲਾਗਤ ਵਿੱਚ ਸਰੀਰ ਲਈ ਜ਼ਰੂਰੀ ਆਇਰਨ (ਲੋਹੇ) ਦਾ ਸਰੋਤ ਸਾਬਿਤ ਹੁੰਦਾ ਹੈ। ਖੁਰਾਕ ਵਿੱਚ ਬਾਜਰੇ ਨੂੰ ਸ਼ਾਮਲ ਕਰਨ ਨਾਲ ਵਿਸ਼ਵ ਬਾਜ਼ਾਰ ਵਿੱਚ ਆਮ ਰਿਫਾਇੰਡ ਅਨਾਜ ਦੇ ਪੌਸ਼ਟਿਕ ਅਤੇ ਸਿਹਤਮੰਦ ਵਿਕਲਪ ਮਿਲ ਸਕਦੇ ਹਨ।

ਬਾਜਰਾ ਸਾਨੂੰ ਬਹੁਤ ਜ਼ਿਆਦਾ ਖਾਣ ਜਾਂ ਸਾਡੇ ਸਰੀਰਕ ਸਿਸਟਮ ਨੂੰ ਗੈਰ-ਸਿਹਤਮੰਦ ਕਬਾੜ ਨਾਲ ਭਰਨ ਤੋਂ ਰੋਕਦਾ ਹੈ। ਬਾਜਰੇ ਨੂੰ ਪਚਣ ਵਿੱਚ ਵੀ ਲੰਬਾ ਸਮਾਂ ਲੱਗਦਾ ਹੈ। ਇਸ ਤਰ੍ਹਾਂ ਕਾਫ਼ੀ ਸਮੇਂ ਲਈ ਪੇਟ ਭਰਿਆ ਰਹਿੰਦਾ ਹੈ। ਇਸ ਲਈ ਸਾਨੂੰ ਲੋੜ ਹੈ ਕਿ ਅਸੀਂ ਆਪਣੀ ਖੁਰਾਕ ਨੂੰ ਸੁਧਾਰਨ ਲਈ ਬਾਜਰੇ ਦੇ ਕੁਝ ਪਕਵਾਨਾਂ ਦੀ ਪੜਚੋਲ ਕਰਨਾ ਸ਼ੁਰੂ ਕਰੀਏ। ਬਾਜਰੇ ਨੂੰ ਘੱਟੋ-ਘੱਟ ਨਿਵੇਸ਼ ਅਤੇ ਰੱਖ-ਰਖਾਅ ਨਾਲ ਉਗਾਇਆ ਜਾ ਸਕਦਾ ਹੈ। ਜੇਕਰ ਫ਼ਸਲ ਤੇ ਭੂਮੀ ਵਿਗਿਆਨੀਆਂ ਦੀ ਗੱਲ ਨੂੰ ਸੱਚ ਮੰਨ ਲਿਆ ਜਾਵੇ ਤਾਂ ਇਹ ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਬਾਜਰੇ ਦੀ ਫ਼ਸਲ ਮਾੜੀ ਅਤੇ ਘਟੀਆ ਕਿਸਮ ਦੀ ਮਿੱਟੀ ਵਿੱਚ ਵੀ ਵਧਣ-ਫੁੱਲਣ ਦੀ ਸਮਰੱਥਾ ਰੱਖਦੀ ਹੈ। ਸੋ, ਬਾਜਰੇ ਕਾਰਨ ਦੇਸ਼ ਵਿੱਚ ਫ਼ਸਲੀ ਵਿਭਿੰਨਤਾ ਦਾ ਟੀਚਾ ਵੀ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾਜਰੇ ਦੀਆਂ ਵੱਖ-ਵੱਖ ਕਿਸਮਾਂ ਛੋਟੇ-ਵੱਡੇ ਕਿਸਾਨਾਂ ਲਈ ਰੋਜ਼ੀ-ਰੋਟੀ ਦੇ ਵਧੀਆ ਮੌਕੇ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਦੇ ਉਤਪਾਦਨ ਲਈ ਲਾਗਤ ਹੋਰ ਫ਼ਸਲਾਂ ਦੇ ਮੁਕਾਬਲੇ ਕਾਫ਼ੀ ਘੱਟ ਰਹਿੰਦੀ ਹੈ। ਇਸ ਤਰ੍ਹਾਂ ਇਹ ਛੋਟੇ ਕਿਸਾਨਾਂ ਲਈ ਘੱਟ ਤੋਂ ਘੱਟ ਨਿਵੇਸ਼ ਦੇ ਨਾਲ ਸੋਹਣੀ ਕਮਾਈ ਦਾ ਸਾਧਨ ਵੀ ਬਣ ਸਕਦੇ ਹਨ। ਬਾਜਰੇ ਦਾ ਵਪਾਰ ਵਿਸ਼ਵ ਭੋਜਨ ਪ੍ਰਣਾਲੀ ਦੀ ਵਿਭਿੰਨਤਾ ਨੂੰ ਸੁਧਾਰ ਸਕਦਾ ਹੈ। ਵਰਤਮਾਨ ਵਿੱਚ ਆਲਮੀ ਅਨਾਜ ਵਪਾਰ ਵਿੱਚ ਬਾਜਰੇ ਦਾ ਯੋਗਦਾਨ ਤਿੰਨ ਪ੍ਰਤੀਸ਼ਤ ਤੋਂ ਵੀ ਘੱਟ ਹੈ। ਜਦੋਂ ਅਚਾਨਕ ਗਿਰਾਵਟ ਝਟਕੇ ਅਨਾਜ ਮੰਡੀ ਨੂੰ ਪ੍ਰਭਾਵਿਤ ਕਰਦੇ ਹਨ, ਤਾਂ ਬਾਜਰਾ ਆਮ ਤੌਰ 'ਤੇ ਵਪਾਰ ਕੀਤੇ ਜਾਣ ਵਾਲੇ ਅਨਾਜਾਂ ਲਈ ਇੱਕ ਕੀਮਤੀ ਵਿਕਲਪ ਪ੍ਰਦਾਨ ਕਰ ਸਕਦਾ ਹੈ। ਇਹ ਵਿਭਿੰਨਤਾ ਗਲੋਬਲ ਵਪਾਰ ਬਾਜ਼ਾਰਾਂ ਦੇ ਲਚਕੀਲੇਪਣ ਨੂੰ ਸੁਧਾਰ ਸਕਦੀ ਹੈ ਅਤੇ ਦੂਜੇ ਅਨਾਜਾਂ 'ਤੇ ਸਾਡੀ ਨਿਰਭਰਤਾ ਨੂੰ ਘਟਾ ਸਕਦੀ ਹੈ। ਬਾਜਰੇ ਦੀ ਜੈਨੇਟਿਕ ਵਿਭਿੰਨਤਾ ਇਲਾਜ ਤੇ ਫਾਰਮਾਸਿਊਟੀਕਲਜ਼ ਵਰਗੇ ਖੇਤਰਾਂ ਵਿੱਚ ਬਾਜਰੇ ਦੇ ਬਹੁਤ ਸਾਰੇ ਵੱਖ-ਵੱਖ ਅਤੇ ਨਵੀਨਤਮ ਉਪਯੋਗਾਂ ਲਈ ਰਾਹ ਪੱਧਰਾ ਕਰਦੀ ਹੈ।

ਬਾਜਰਾ ਮੁੱਖ ਤੌਰ 'ਤੇ ਏਸ਼ੀਆ ਅਤੇ ਅਫਰੀਕਾ ਵਿੱਚ ਉਗਾਇਆ ਜਾਂਦਾ ਹੈ, ਜਦੋਂਕਿ ਇੱਕ ਦੇਸ਼ ਵਜੋਂ ਭਾਰਤ ਇਸ ਦਾ ਸਭ ਤੋਂ ਵੱਡਾ ਉਤਪਾਦਕ ਹੈ, ਜਿਸ ਤੋਂ ਬਾਅਦ ਨਾਈਜੀਰੀਆ, ਨਾਈਜਰ ਅਤੇ ਚੀਨ ਆਉਂਦੇ ਹਨ। ਕੋਈ ਸਮਾਂ ਸੀ, ਜਦੋਂ ਬਾਜਰਾ ਸਾਡੀ ਪ੍ਰਮੁੱਖ ਫਸਲ ਸੀ। ਹਰੀ ਕ੍ਰਾਂਤੀ ਆਉਣ ਤੋਂ ਬਾਅਦ ਹੋਰ ਕਈ ਫ਼ਸਲਾਂ ਨੇ ਇਸ ਨੂੰ ਪਛਾੜ ਦਿੱਤਾ ਹੈ, ਪਰ ਉਪ-ਸਹਾਰਾ ਅਫਰੀਕਾ ਅਤੇ ਏਸ਼ੀਆ ਦੇ ਕੁਝ ਹਿੱਸਿਆਂ ਵਿੱਚ ਇੱਕ ਰਵਾਇਤੀ ਮੁੱਖ ਫ਼ਸਲ ਵਜੋਂ ਪੈਦਾ ਕੀਤਾ ਜਾਂਦਾ ਹੈ। ਸਾਲ 2020 ਤੱਕ ਭਾਰਤ ਨੇ ਦੁਨੀਆਂ ਦੇ ਕੁੱਲ ਬਾਜਰੇ ਦੇ ਉਤਪਾਦਨ ਦਾ 44% ਯੋਗਦਾਨ ਪਾਇਆ। ਇਸ ਤਰ੍ਹਾਂ ਇਹ ਸਾਡੀਆਂ ਜ਼ਮੀਨਾਂ 'ਤੇ ਉਗਾਉਣ ਲਈ ਇੱਕ ਅਨੁਕੂਲ ਫ਼ਸਲ ਸਾਬਿਤ ਹੋਈ ਹੈ। ਭਵਿੱਖ ਵਿੱਚ ਇਸ ਦਾ ਉਤਪਾਦਨ ਵਧਾਉਣ ਦਾ ਟੀਚਾ ਵੀ ਮਿੱਥਿਆ ਜਾ ਸਕਦਾ ਹੈ। ਇਸ ਲਈ ਅੱਜ ਜ਼ਰੂਰੀ ਹੈ ਕਿ ਅਸੀਂ ਭਵਿੱਖ ਦੀਆਂ ਚੁਣੌਤੀਆਂ ਅਤੇ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਜਰਾ ਅਤੇ ਇਸ ਦੀਆਂ ਵਰਗੀਕ੍ਰਿਤ ਫ਼ਸਲਾਂ ਦੀ ਖੇਤੀ ਨੂੰ ਉਤਸ਼ਾਹਿਤ ਅਤੇ ਖਪਤਕਾਰਾਂ ਨੂੰ ਇਸ ਦੀ ਵੱਧ ਤੋਂ ਵੱਧ ਵਰਤੋਂ ਲਈ ਜਾਗਰੂਕ ਕਰੀਏ।

# ਦੁੱਧ ਪਦਾਰਥ ਬਣਾਉਣਾ

## ਆਮਦਨ ਵਧਾਉਣ ਲਈ ਸਭ ਤੋਂ ਉੱਤਮ ਤਰੀਕਾ

ਡਾ. ਬਲਵਿੰਦਰ ਸਿੰਘ ਢਿੱਲੋਂ, ਗੁਰੂ ਕਾਂਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋਂ, ਬਠਿੰਡਾ



**ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ। ਪਰ ਜੇਕਰ ਦੁੱਧ ਤੋਂ ਵੱਖ-ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ / ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਓ ਬਣਾਕੇ ਵੇਚੇ ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਦੁੱਧ ਕੁੱਦਰਤ ਦੀ ਵੱਡਮੁੱਲੀ ਦੇਣ ਹੈ। ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪਰੋਸਿਸ ਨੂੰ ਰੋਕਦਾ ਹੈ। ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।**

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ ਜ਼ਿਆਦਾਤਰ ਆਬਾਦੀ (60-70%) ਖੇਤੀ ਬਾੜੀ ਦੇ ਧੰਦੇ ਨਾਲ ਜੁੜੀ ਹੋਈ ਹੈ। ਪਰ ਅੱਜੋਕੇ ਸਮੇਂ ਦੀ ਗੱਲ ਕਰੀਏ ਤਾਂ ਮਹਿੰਗਾਈ ਦਾ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਸਾਨੂੰ ਮਜ਼ਬੂਰ ਕਰ ਰਹੇ ਹਨ ਕਿ ਇਕੱਲੀ ਖੇਤੀਬਾੜੀ ਦਾ ਧੰਦਾ ਇਹ ਸਭ ਕੁਝ ਦੀ ਪੂਰਤੀ ਨਹੀਂ ਕਰ ਸਕਦਾ। ਸਾਡੀਆਂ ਸਰਕਾਰਾਂ ਇਸ ਗੱਲ ਉੱਪਰ ਇੱਕ ਜੁੱਟ ਹਨ ਕਿ ਖੇਤੀਬਾੜੀ ਦੀ ਆਮਦਨ ਵਿੱਚ ਚੋਖਾ ਵਾਧਾ ਹੋਵੇ ਤਾਂ ਜੋ ਸਾਡੀ ਕਿਰਸਾਨੀ ਨਾਲ ਸੰਬੰਧਿਤ ਸਾਰੇ ਪਰਿਵਾਰ ਆਪਣਾ ਜੀਵਨ ਵਧੀਆ ਅਤੇ ਸੁਖਾਵਾ ਬਤੀਤ ਕਰ ਸਕਣ।

ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ। ਪਰ ਜੇਕਰ ਦੁੱਧ ਤੋਂ ਵੱਖ ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ/ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਓ ਬਣਾਕੇ ਵੇਚੇ ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਦੁੱਧ ਕੁੱਦਰਤ ਦੀ ਵੱਡਮੁੱਲੀ ਦੇਣ ਹੈ। ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪਰੋਸਿਸ (Ostoporosis) ਨੂੰ ਰੋਕਦਾ ਹੈ। ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਦੁੱਧ ਪਦਾਰਥ ਤਿਆਰ ਕਰਨਾ ਇਕ ਨਿਵੇਕਲੀ ਕਿਸਮ ਦੀ ਕਲਾ ਹੈ। ਭਾਵੇਂ ਭਾਰਤ ਵਿਚ ਕੁੱਲ ਪੈਦਾ ਹੋਏ ਦੁੱਧ ਦਾ ਬਹੁਤਾ ਹਿੱਸਾ ਦੇਸੀ ਦੁੱਧ ਪਦਾਰਥ (ਮੱਖਣ, ਪਨੀਰ, ਦੇਸੀ ਘਿਉ ਅਤੇ ਲੱਸੀ ਆਦਿ) ਬਣਾਉਣ ਵਿੱਚ ਖਪਤ ਹੋ ਜਾਂਦਾ ਹੈ। ਦੁੱਧ ਉਤਪਾਦਕਾਂ ਨੂੰ ਇਨ੍ਹਾਂ ਪਦਾਰਥਾਂ ਦੀ ਮਹੱਤਤਾ, ਬਣਾਉਣ ਦੇ ਢੰਗਾਂ, ਕੁਆਲਿਟੀ ਸੁਧਾਰ ਅਤੇ ਮੰਡੀਕਰਣ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਡੇਅਰੀ ਖੋਜ ਸੰਸਥਾਵਾਂ / ਵੈਟਨਰੀ / ਖੇਤੀ ਯੂਨੀਵਰਸਿਟੀਆਂ ਵਲੋਂ ਵਿਕਸਤ ਕੀਤੀਆਂ ਗਈਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਉਹ ਡੇਅਰੀ ਫਾਰਮਿੰਗ ਦੇ ਧੰਦੇ ਨੂੰ ਵਪਾਰਕ ਪੱਧਰ ਉੱਤੇ ਅਪਣਾਕੇ ਅਤੇ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਵੇਚਕੇ ਦੁੱਧ ਦੀ ਕੀਮਤ ਵਿਚਲਾ ਵਾਧਾ ਪ੍ਰਾਪਤ ਕਰ ਸਕਣ। ਵੱਡੇ ਪੱਧਰ 'ਤੇ ਭਾਰਤੀ ਦੁੱਧ ਪਦਾਰਥਾਂ ਨੂੰ ਬਣਾਉਣ, ਵੇਚਣ, ਕੁਆਲਿਟੀ ਸੁਧਾਰਨ ਅਤੇ ਨਵੀਆਂ ਤਕਨੀਕਾਂ ਦੇ ਕਾਫ ਕੱਢਣ ਦੇ ਖੇਤਰ ਵਿੱਚ ਕੋਈ ਸ਼ਲਾਘਾ ਯੋਗ ਕਦਮ ਨਹੀਂ ਚੁੱਕਿਆ ਗਿਆ ਹੈ। ਜਿਸ ਕਰਕੇ ਡੇਅਰੀ ਦੇ ਧੰਦੇ ਨਾਲ ਜੁੜੇ ਜ਼ਿਆਦਾਤਰ ਕਿਸਾਨ ਸਿੱਧਾ ਦੁੱਧ ਵੇਚਣ ਤੱਕ ਹੀ ਇਸ ਧੰਦੇ ਨੂੰ ਸੀਕਤ ਰੱਖਦੇ ਹਨ।

ਪਿੰਡ ਪੱਧਰ ਉੱਤੇ ਖਾਸ ਕਰਕੇ ਸ਼ਹਿਰਾਂ ਨਾਲ ਲੱਗਦੇ ਪਿੰਡਾਂ ਵਿੱਚ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਸਿੱਧਿਆਂ ਖਪਤਕਾਰਾਂ ਨੂੰ ਵੇਚਣ ਨਾਲ ਦੁੱਧ ਉਤਪਾਦਕਾਂ ਨੂੰ ਦੁੱਧ ਦੀਆਂ ਉੱਚੀਆਂ ਕੀਮਤਾਂ ਮਿਲ ਸਕਦੀਆਂ ਹਨ। ਇਸ ਕੰਮ ਵੱਲ ਨਾ ਤਾਂ ਪੰਜਾਬ ਦਾ ਕਿਸਾਨ ਪ੍ਰੇਰਿਤ ਹੈ ਅਤੇ ਨਾ ਹੀ ਕਿਸਾਨ ਨੂੰ ਮਾਰਗ ਦਰਸਾਉਣ ਵਾਲੀ ਕੋਈ ਸੰਸਥਾ। ਸਿੱਟੇ ਵਜੋਂ ਸ਼ਹਿਰਾਂ ਤੇ ਕਸਬਿਆਂ ਵਿੱਚ ਦੁੱਧ ਤੋਂ ਦੇਸੀ ਦੁੱਧ ਪਦਾਰਥ ਜਿਵੇਂ ਕਿ ਦਹੀਂ, ਲੱਸੀ, ਕੁਲਫੀ ਅਤੇ ਵੱਖ ਵੱਖ ਤਰ੍ਹਾਂ ਦੀਆਂ ਮਠਿਆਈਆਂ ਬਣਾਉਣ ਵਿੱਚ ਗੈਰ ਪੰਜਾਬੀ ਲੋਕਾਂ ਦਾ ਬੋਲਬਾਲਾ ਹੋਇਆ ਹੈ। ਜਿਵੇਂ ਕਿ ਸਮੇਂ ਦੀ ਮੰਗ ਹੈ ਕਿ ਖੇਤੀ ਵਿਭਿੰਨਤਾ ਇਸ ਵੇਲੇ ਪੰਜਾਬ ਦੇ ਕਿਸਾਨ ਅਤੇ ਪੰਜਾਬ ਸਰਕਾਰ ਲਈ ਮੁੱਖ ਚੈਲਿੰਜ ਬਣਿਆ ਹੋਇਆ ਹੈ, ਲਾਹੇਵੰਦ ਡੇਅਰੀ ਫਾਰਮਿੰਗ ਅਪਣਾ ਕੇ ਹੀ ਖੇਤੀ ਵਿਭਿੰਨਤਾ ਦੇ ਨਾਲ ਨਾਲ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਹੇਵੰਦ ਰੋਜ਼ਗਾਰ ਦਿੱਤਾ ਜਾ ਸਕਦਾ ਹੈ। ਦੁੱਧ ਉਤਪਾਦਕਾਂ ਦੀ ਸਹੂਲਤ ਲਈ ਇਸ ਲੇਖ ਵਿੱਚ ਦੁੱਧ ਪਦਾਰਥ ਜੋ ਕਿ ਪਿੰਡ ਪੱਧਰ ਉੱਪਰ ਬੜੀ ਆਸਾਨੀ ਨਾਲ ਬਣਾਕੇ ਵੇਚੇ ਜਾ ਸਕਦੇ ਹਨ, ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਪਨੀਰ ਬਣਾਉਣਾ** : ਪਨੀਰ ਨੂੰ ਨਰਮ 'ਚੀਜ਼' (cheese) ਵੀ ਕਿਹਾ ਜਾਂਦਾ ਹੈ। ਦੁੱਧ ਦੇ ਉਬਾਲ ਦਰਜੇ ਦੇ ਨੇੜੇ ਤਾਜ਼ੇ ਦੁੱਧ ਨੂੰ ਗਰਮ ਕਰਕੇ ਇਸ ਨੂੰ ਸਿਟਰਿਕ ਏਸਿਡ/ਲੈਕਟਿਕ ਏਸਿਡ ਨਾਲ ਪਾੜਕੇ ਪ੍ਰਾਪਤ ਕੀਤੇ ਠੋਸ ਮਾਦੇ ਨੂੰ ਪਨੀਰ ਕਹਿੰਦੇ ਹਨ ਅਤੇ ਇੰਝ ਪ੍ਰਾਪਤ ਹੋਏ ਤਰਲ ਪਦਾਰਥ ਨੂੰ ਵ੍ਹੇਅ (ਪਨੀਰ ਪਾਣੀ) ਕਹਿੰਦੇ ਹਨ। ਪਨੀਰ ਬਹੁਤੀਆਂ ਭਾਰਤੀਆਂ ਮਠਿਆਈਆਂ ਦਾ ਆਧਾਰ ਹੈ। ਪਨੀਰ ਦੀ ਫੈਟ ਕੁੱਲ ਸੁੱਕੇ ਮਾਦੇ ਦਾ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਨਮੀਂ ਦੀ ਮਾਤਰਾ 55 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ।

**ਪਨੀਰ ਦੀ ਬਣਤਰ** : ਦੁੱਧ ਵਿਚਲੀ ਫੈਟ, ਦੁੱਧ ਨੂੰ ਪਾੜਨ ਦਾ ਤਰੀਕਾ, ਪਨੀਰ ਨੂੰ ਪੁਣਨ ਦਾ ਤਰੀਕਾ ਅਤੇ ਦੁੱਧ ਤੱਤਾਂ ਦਾ ਵ੍ਹੇ ਵਿੱਚ ਨਿਕਲਣਾ, ਪਨੀਰੀ ਦੀ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ। ਵਧੀਆ ਕੁਆਲਿਟੀ ਦਾ ਪਨੀਰ ਬਣਾਉਣ ਲਈ 5-6 ਪ੍ਰਤੀਸ਼ਤ ਫੈਟ ਅਤੇ 8.5-9.0 ਪ੍ਰਤੀਸ਼ਤ ਐਸ. ਐਨ. ਐਫ ਵਾਲਾ ਦੁੱਧ ਵਧੀਆ ਰਹਿੰਦਾ ਹੈ। ਨਿਰੋਲ ਮੱਝ ਦੇ ਦੁੱਧ ਵਿੱਚ ਜੇ 3:1 ਗੋਕਾ ਦੁੱਧ ਮਿਲਾਉਣ ਨਾਲ ਦੁੱਧ ਦੀ ਲਾਗਤ 'ਤੇ ਖਰਚਾ ਘੱਟ ਕਰ ਸਕਦੇ ਹਾਂ ਅਤੇ ਪਨੀਰ ਦੀ ਕੁਆਲਿਟੀ ਅਤੇ ਉਤਪਾਦਨ ਪੂਰੀ ਮਾਤਰਾ ਵਿੱਚ ਹੋਵੇਗਾ।

**ਪਨੀਰ ਦੀ ਪੌਸ਼ਟਿਕਤਾ** : ਪਨੀਰ ਫੈਟ ਅਤੇ ਪ੍ਰੋਟੀਨ ਭਰਪੂਰ ਉਤਪਾਦ ਹੈ ਅਤੇ ਇਸ ਵਿੱਚ ਕੈਲਸ਼ੀਅਮ, ਫਾਸਫੋਰਸ ਤੱਤ ਵੀ ਹੁੰਦੇ ਹਨ। ਪਨੀਰ ਵਿੱਚ ਫੈਟ ਵਿੱਚ ਘੁਲਣਸ਼ੀਲ ਵਿਟਾਮਿਨ 'ਏ' ਅਤੇ 'ਡੀ' ਵੀ ਹੁੰਦੇ ਹਨ। ਪਨੀਰ ਕਿਉਕਿ ਪ੍ਰੋਟੀਨ ਯੁਕਤ ਘੱਟ ਸ਼ੂਗਰ ਵਾਲਾ ਪਦਾਰਥ ਹੈ, ਇਸ ਲਈ ਇਹ ਸ਼ੂਗਰ ਦੇ ਰੋਗੀਆਂ ਲਈ ਢੁੱਕਵਾਂ ਭੋਜਨ ਹੈ। ਸਪਰੇਟੇ ਦੁੱਧ ਤੋਂ ਵੀ ਪਨੀਰ ਬਣਾਇਆ ਜਾ ਸਕਦਾ ਹੈ।

**ਪਨੀਰ ਬਣਾਉਣ ਦਾ ਤਰੀਕਾ** : ਸਭ ਤੋਂ ਪਹਿਲਾਂ ਸਟੇਨਲੈਸ ਸਟੀਲ ਦੇ ਬਰਤਨ ਵਿੱਚ ਦੁੱਧ ਨੂੰ ਗਰਮ ਕੀਤਾ



ਜਾਂਦਾ ਹੈ। ਦੁੱਧ ਨੂੰ 82 ਡਿਗਰੀ ਸੈਂਟੀਗ੍ਰੇਡ ਉੱਪਰ ਪੰਜ ਮਿੰਟ ਲਈ ਗਰਮ ਕੀਤਾ ਜਾਂਦਾ ਹੈ ਅਤੇ ਫਿਰ 70 ਡਿਗਰੀ ਸੈਂਟੀਗ੍ਰੇਡ ਉੱਪਰ ਠੰਡਾ ਕੀਤਾ ਜਾਂਦਾ ਹੈ। ਗਰਮ ਕਰਦੇ ਸਮੇਂ ਦੁੱਧ ਨੂੰ ਲਗਾਤਾਰ ਸਟੇਨਲੈਸ ਸਟੀਲ ਦੇ ਖੁਰਚਣੇ ਨਾਲ ਹਿਲਾਉਂਦੇ ਰਹਿਣਾ ਚਾਹੀਦਾ ਹੈ। 70 ਡਿਗਰੀ ਸੈਂਟੀਗ੍ਰੇਡ ਉੱਪਰ ਸਿਟਰਿਕ ਐਸਿਡ ਜਾਂ ਲੈਕਟਿਕ ਐਸਿਡ ਦੇ 1-2 ਪ੍ਰਤੀਸ਼ਤ ਘੋਲ ਨੂੰ ਦੁੱਧ ਪਾੜਨ ਲਈ ਵਰਤਣਾ ਚਾਹੀਦਾ ਹੈ। ਜੇਕਰ 40 ਕਿਲੋ ਦੁੱਧ ਤੋਂ ਪਨੀਰ ਬਣਾਉਣਾ ਹੈ ਤਾਂ 80 ਗ੍ਰਾਮ ਸਿਟਰਿਕ ਐਸਿਡ 800 ਗ੍ਰਾਮ ਪਾਣੀ ਵਿੱਚ ਘੋਲ ਕੇ 70 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਾਲੇ ਦੁੱਧ ਵਿੱਚ ਥੋੜਾ ਥੋੜਾ 1/2 ਤੋਂ 1 ਮਿੰਟ ਦੇ ਦੌਰਾਨ ਪਾਓ। ਜਦੋਂ ਦੁੱਧ ਪੂਰੀ ਤਰ੍ਹਾਂ ਪਾੜ ਜਾਵੇ ਅਤੇ ਹਰੇ ਰੰਗ ਦੀ ਵੇਹ ਵਿਖਾਈ ਦੇਣ ਲੱਗ ਜਾਵੇ ਤਾਂ ਐਸਿਡ ਪਾਉਣਾ ਬੰਦ ਕਰ ਦਿਉ, ਇਸਨੂੰ ਇਸੇ ਹਾਲਤ ਵਿੱਚ ਪੰਜ ਮਿੰਟ ਰਹਿਣ ਦਿਓ। ਸਾਫ ਕੱਪੜੇ ਨਾਲ ਇਸ ਪਾਟੇ ਹੋਏ ਦੁੱਧ ਨੂੰ ਟੱਬ ਜਾਂ ਸਟੀਲ ਦੀ ਬਾਲਟੀ ਵਿੱਚ ਮਲਮਲ ਦੇ ਕੱਪੜੇ ਉੱਪਰ ਉਲਟਾ ਦਿਓ। ਵ੍ਹੇ ਟੱਬ/ਬਾਲਟੀ ਵਿੱਚ ਅਤੇ ਪਨੀਰ ਮਲਮਲ ਦੇ ਕੱਪੜੇ ਵਿੱਚ ਇਕੱਠਾ ਹੋ ਜਾਵੇਗਾ। ਪਨੀਰ ਨੂੰ 15-20 ਮਿੰਟ ਪ੍ਰੈਸ ਕਰਨ ਤੋਂ ਬਾਅਦ ਲੋੜੀਦੇ ਆਕਾਰ ਦੇ ਸਾਈਜ਼ ਕੱਟਕੇ ਠੰਡੇ ਪਾਣੀ ਵਿਚ ਜਿਸਦਾ ਤਾਪਮਾਨ 4



ਡਿਗਰੀ ਸੈਂਟੀਗ੍ਰੇਡ ਹੋਵੇ, ਉਸ ਵਿੱਚ ਡੁਬੋ ਦਿਓ। ਇੰਝ ਠੰਡੇ ਕੀਤੇ ਹੋਏ ਇਨ੍ਹਾਂ ਪਨੀਰ ਦੇ ਟੁਕੜਿਆਂ ਨੂੰ ਸਾਫ ਕੱਪੜੇ ਵਿੱਚ ਲਪੇਟ ਕੇ ਕੁਝ ਦੇਰ ਸਾਫ ਮੇਜ਼ ਉੱਪਰ ਰੱਖਿਆ ਜਾਂਦਾ ਹੈ ਤਾਂ ਜੋ ਪਨੀਰ ਦੀ ਸਤਹਿ ਉੱਪਰ ਲੱਗਿਆ ਪਾਣੀ ਨੁੱਚੜ ਜਾਵੇ। ਇਨ੍ਹਾਂ ਟੁਕੜਿਆਂ ਨੂੰ ਸਾਫ ਮਲਮਲ ਦੇ ਟੁਕੜਿਆਂ ਨਾਲ ਸੁਕਾ ਕੇ ਪੋਲੀਥੀਨ ਦੇ ਲਿਫਾਫਿਆਂ ਵਿਚ ਪਾਕੇ ਸੀਲ ਕੀਤਾ ਜਾਂਦਾ ਹੈ। ਸੀਲ ਕਰਦੇ ਸਮੇਂ ਲਿਫਾਫੇ ਵਿੱਚ ਹਵਾ ਨਹੀਂ ਰਹਿਣੀ ਚਾਹੀਦੀ। ਪਨੀਰ ਪੰਜ ਤੋਂ ਦਸ ਡਿਗਰੀ ਤਾਪਮਾਨ ਉੱਪਰ ਸਟੋਰ ਕੀਤਾ ਜਾ ਸਕਦਾ ਹੈ।

**ਪਨੀਰ ਬਣਾਉਂਦੇ ਸਮੇਂ ਧਿਆਨ ਰੱਖਣ ਯੋਗ ਗੱਲਾਂ** : ★ ਦੁੱਧ ਤਾਜ਼ਾ ਅਤੇ ਉੱਤਮ ਕੁਆਲਿਟੀ ਦਾ ਹੋਣਾ ਚਾਹੀਦਾ ਹੈ।

★ ਦੁੱਧ ਨੂੰ ਪਾੜਨ ਲਈ ਵਰਤਿਆ ਜਾਣ ਵਾਲਾ ਸਿਟਰਿਕ ਜਾਂ ਲੈਕਟਿਕ ਐਸਿਡ ਫੂਡ ਗਰੇਡ ਦੇ ਹੋਣੇ ਚਾਹੀਦੇ ਹਨ।

★ ਪਨੀਰ ਵਿੱਚ ਜ਼ਿਆਦਾ ਨਮੀਂ ਹੋਣ ਨਾਲ ਉੱਲ੍ਹੀ ਲੱਗ ਸਕਦੀ ਹੈ। ਇਸ ਲਈ ਪਨੀਰ ਨੂੰ ਨਿਰਧਾਰਤ ਸਮੇਂ ਤੱਕ ਪ੍ਰੈਸ ਕਰਨਾ ਅਤੇ ਪੈਕਿੰਗ ਤੋਂ ਪਹਿਲਾਂ ਮਲਮਲ ਦੇ ਕੱਪੜੇ ਨਾਲ ਸੁਕਾਉਣਾ ਬਹੁਤ ਜ਼ਰੂਰੀ ਹੈ।

★ ਘੱਟ ਫੈਟ ਵਾਲੇ ਦੁੱਧ ਤੋਂ ਬਣਾਇਆ ਪਨੀਰੀ ਸਖਤ ਹੋਵੇਗਾ ਅਤੇ ਇਹ ਮੁਲਾਇਮ ਨਹੀਂ ਹੋਵੇਗਾ।

★ ਜ਼ਿਆਦਾ ਨਮੀਂ ਵਾਲਾ ਪਨੀਰ ਅਤੇ ਸਟੋਰ ਕਰਨ ਵੇਲੇ ਜ਼ਿਆਦਾ ਨਮੀਂ ਵਾਲੀ ਜਗ੍ਹਾ ਉੱਪਰ ਰੱਖਿਆ ਗਿਆ ਪਨੀਰ ਜਲਦੀ ਖਰਾਬ ਹੋ ਜਾਵੇਗਾ।

★ ਦੁੱਧ ਦੱਸੇ ਹੋਏ ਤਾਪਮਾਨ (70 ਡਿਗਰੀ ਸੈਂਟੀਗ੍ਰੇਡ) ਤੇ ਹੀ ਪਾੜਨਾ ਚਾਹੀਦਾ ਹੈ। ਇਸ ਤੋਂ ਵੱਧ ਤਾਪਮਾਨ ਤੇ ਪਾੜਿਆ ਗਿਆ ਪਨੀਰ ਖੁਰਦਰਾ ਹੋ ਜਾਵੇਗਾ।

★ ਮਾਰਕੀਟ ਦੇ ਵਿੱਚ ਨਿਰੋਲ ਦੁੱਧ ਦਾ ਪਨੀਰ ਕਾਫੀ ਪ੍ਰਚੱਲਤ ਹੈ। ਪਰੰਤੂ ਜੇ ਪਨੀਰ ਵਿੱਚ ਲੋੜ ਮੁਤਾਬਕ, ਜ਼ੀਰਾ, ਨਮਕ, ਮਸਾਲਾ, ਕਾਲੀ ਮਿਰਚ, ਪੁਦੀਨਾ ਆਦਿ ਪਾ ਕੇ ਵੱਖ ਵੱਖ ਤਰ੍ਹਾਂ ਦੇ ਪੈਕਿੰਗ ਤਿਆਰ ਕਰਕੇ ਵੇਚੇ ਤਾਂ ਹੋਰ ਵਧੇਰੇ ਮੁਨਾਫਾ ਲਿਆ ਜਾ ਸਕਦਾ ਹੈ।

**ਪਨੀਰ ਪਾਣੀ ਬੈਵਰੇਜ/ਵ੍ਹੇਅ** : ਪਨੀਰ ਤਿਆਰ ਕਰਨ ਤੋਂ ਬਾਅਦ ਜੋ ਪਾਣੀ ਬੱਚਦਾ ਹੈ ਉਸ ਨੂੰ ਵ੍ਹੇਅ ਕਹਿੰਦੇ ਹਨ। ਆਮ ਤੌਰ ਤੇ ਘਰਾਂ ਵਿੱਚ ਇਸ ਨੂੰ ਡੋਲ ਦਿੱਤਾ ਜਾਂਦਾ ਹੈ। ਪਰੰਤੂ ਇਸ ਦੇ ਵਿੱਚ ਲੈਕਟੋਜ਼/ਵਿਟਾਮਿਨ ਬੀ ਅਤੇ ਪ੍ਰੋਟੀਨ ਹੁੰਦੇ ਹਨ। ਇਸ ਪਾਣੀ ਨੂੰ ਆਟਾ ਗੁੰਨਣ, ਕੜੀ ਜਾਂ ਪਕੌੜੇ ਬਣਾਉਣ ਤੋਂ ਇਲਾਵਾ ਪੂੜੇ ਬਣਾਉਣ ਨਹੀ ਵਰਤਿਆ ਜਾ ਸਕਦਾ ਹੈ। ਜੇ ਇਹ ਵ੍ਹੇਅ ਜ਼ਿਆਦਾ ਹੋਵੇ ਤਾਂ ਛੋਟੇ ਕਟੜੂਆਂ/ਵਛੜੂਆਂ ਨੂੰ ਪਿਲਾਇਆ ਜਾ ਸਕਦਾ ਹੈ।

ਤਿੰਨ ਹਿੱਸੇ ਵ੍ਹੇਅ ਵਿੱਚ ਇਕ ਹਿੱਸਾ ਗਾਜਰ ਦਾ ਜੂਸ/ਪਾਈਨਐਪਲ ਦਾ ਜੂਸ ਜਾਂ ਹੋਰ ਕਿਸੇ ਵੀ ਫਲ ਦਾ ਜੂਸ ਪਾ ਕੇ 6.50 ਪ੍ਰਤੀਸ਼ਤ ਦੇ ਹਿਸਾਬ ਨਾਲ ਖੰਡ ਤੇ 0.5 ਪ੍ਰਤੀਸ਼ਤ ਸਾਦਾ ਨਮਕ ਇਸ ਵਿੱਚ ਮਿਲਾਕੇ ਘੋਲ (ਬੈਵਰੇਜ) ਤਿਆਰ ਕਰ ਲਵੋ। ਇਸ ਤਿਆਰ ਹੋਏ ਘੋਲ ਨੂੰ ਮਲਮਲ ਦੇ ਕਪੜੇ ਨਾਲ ਪੁਣ ਕੇ 200 ਮਿਲੀਲਿਟਰ ਦੀਆਂ ਬੋਤਲਾਂ ਵਿੱਚ ਭਰਕੇ ਢੱਕਣ ਲਾਉਣ ਵਾਲੀ ਮਸ਼ੀਨ ਨਾਲ ਚੰਗੀ ਤਰ੍ਹਾਂ ਢੱਕਣ ਲਾ ਦਿਓ। ਇਨ੍ਹਾਂ ਬੋਤਲਾਂ ਨੂੰ 64 ਡਿਗਰੀ ਸੈਂਟੀਗ੍ਰੇਡ ਉੱਤੇ ਅੱਧੇ ਘੰਟੇ ਲਈ ਗਰਮ ਪਾਣੀ ਦੇ ਟੱਬ ਵਿੱਚ ਰੱਖਕੇ ਪਾਸਚੂਰਾਈਜ਼ ਕਰੋ। ਉਪਰੰਤ ਇਸ ਨੂੰ ਫਰਿਜ਼ ਵਿੱਚ ਠੰਡਾ ਰੱਖਕੇ ਪੀਣ ਲਈ ਵਰਤਿਆ ਜਾ ਸਕਦਾ ਹੈ। ਇਹ ਬਾਜ਼ਾਰ ਵਿਚ ਮਿਲਣ ਵਾਲੇ ਕਿਸੇ ਵੀ ਸੋਢੇ ਜਾਂ ਡਰਿੰਕ ਨਾਲੋਂ ਉੱਤਮ ਕੁਆਲਿਟੀ ਦਾ ਸਸਤਾ ਬੈਵਰੇਜ ਹੋਵੇਗਾ। ਇਸ ਤਰ੍ਹਾਂ ਅਸੀਂ ਇਸ ਨੂੰ ਪਿੰਡ ਪੱਧਰ ਉੱਤੇ ਜਾਂ ਦੁਕਾਨਾਂ ਤੇ ਵੇਚਕੇ ਮੁਨਾਫਾ ਵੀ ਕਮਾ ਸਕਦੇ ਹਾਂ।

**ਦਹੀਂ ਬਣਾਉਣਾ** : ਦਹੀਂ ਉਹ ਪਦਾਰਥ ਹੈ ਜੋ ਉਬਲੇ ਹੋਏ ਦੁੱਧ ਨੂੰ ਲੋੜੀਂਦੇ ਤਾਪਮਾਨ ਤੱਕ ਠੰਡਾ ਕਰਕੇ ਲੈਕਟਿਕ ਐਸਿਡ ਜਾਂ ਕਿਸੇ ਹੋਰ ਹਾਨੀ ਰਹਿਤ ਬੈਕਟੀਰੀਅਲ ਜਾਗਾਂ ਨਾਲ ਨਿਰਧਾਰਿਤ ਤੇਜ਼ਾਬੀਪਣ ਤੱਕ ਖੱਟਾ ਕਰਕੇ ਬਣਾਇਆ ਜਾਂਦਾ ਹੈ। ਭਾਰਤ ਦਾ 40 ਪ੍ਰਤੀਸ਼ਤ ਦੁੱਧ, ਦਹੀਂ ਵਿੱਚ ਤਬਦੀਲ ਹੋ ਕੇ। ਘਿਓ ਅਤੇ ਮੱਖਣ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।

**ਦਹੀਂ ਦੀ ਪੌਸ਼ਟਿਕਤਾ** :

★ ਦਹੀਂ ਦੀ ਪੌਸ਼ਟਿਕਤਾ ਦੁੱਧ

*ਬਾਕੀ ਸਫਾ 12 'ਤੇ*

# ਆਖ਼ਰ ਕਦੋਂ ਰੁਕਣਗੀਆਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ?

ਮਹਿੰਦਰ ਸਿੰਘ ਬਾਜਵਾ, ਪਿੰਡ ਮਸੀਤਾਂ, ਜ਼ਿਲਾ ਕਪੂਰਥਲਾ

ਪਿਛਲੇ ਸਮਿਆਂ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਆਦਿ ਕਾਲ ਤੋਂ ਹੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਹੀ ਨਹੀਂ ਸਗੋਂ ਉਨ੍ਹਾਂ ਉਤੇ ਘੋਰ ਤਸ਼ੱਦਦ ਵੀ ਹੁੰਦਾ ਰਿਹਾ ਹੈ । ਖੇਤਾਂ ਦੇ ਮਾਲਕ ਵੱਡੇ-ਵੱਡੇ ਸ਼ਾਹੂਕਾਰ ਜਾਂ ਰਾਜੇ ਮਹਾਰਾਜੇ ਹੀ ਹੁੰਦੇ ਸਨ । ਕਿਸਾਨਾਂ ਨੂੰ ਮੁਜ਼ਾਰੇ ਹੀ ਸਮਝਿਆ ਜਾਂਦਾ ਸੀ । ਮੁਨਸ਼ੀ ਜਾਂ ਮੁਨੀਮ ਹਾੜ੍ਹੀ ਸਾਉਣੀ ਫਸਲ ਪੱਕਣ 'ਤੇ ਅਨਾਜ ਵੰਡ ਕੇ ਲੈ ਜਾਂਦੇ ਸਨ । ਫਸਲ ਘੱਟ ਹੋਣ ਦੀ ਸੂਰਤ ਵਿੱਚ ਵੀ ਕਿਸਾਨਾਂ ਤੋਂ ਪੂਰੀ ਅਤੇ ਜਬਰੀ ਉਗਰਾਹੀ ਕੀਤੀ ਜਾਂਦੀ ਸੀ । ਬੰਦਾ ਸਿੰਘ ਬਹਾਦਰ ਨੇ ਕਿਸਾਨਾਂ ਨੂੰ ਜ਼ਮੀਨ ਦੇ ਹੱਕ (ਮਾਲਕੀ) ਦਿੱਤੇ ਸਨ । ਅੰਗਰੇਜ਼ਾਂ ਦੇ ਵੇਲੇ ਕੁਝ ਸੁਧਾਰ ਜ਼ਰੂਰ ਹੋਇਆ, ਪਰ ਧੇਲੀ (50 ਪੈਸੇ) ਦੇ ਕੇ ਹਵੇਲੀ ਗਹਿਣੇ ਰੱਖਣ ਦਾ ਰਿਵਾਜ਼ ਇਨ੍ਹਾਂ ਸਮਿਆਂ ਵਿਚ ਹੀ ਚਲਦਾ ਰਿਹਾ । ਸੰਤਾਲੀ ਦੀ ਵੰਡ ਤੋਂ ਪਹਿਲਾਂ ਅਤੇ ਕੁਝ ਮਗਰੋਂ ਵੀ ਜਦੋਂ ਕਿਸਾਨ ਆਪਣੀ ਉਪਜ ਮੰਡੀ



ਵਿਚ ਢੇਰੀ ਕਰਦਾ ਤਾਂ ਆੜ੍ਹਤੀ ਅਤੇ ਵਪਾਰੀ ਆਪਣੇ ਹੱਥਾਂ 'ਤੇ ਕੱਪੜਾ ਪਾ ਕੇ ਕਿਸਾਨ ਦੀ ਜਿਣਸ ਦਾ ਭਾਅ ਤੈਅ ਕਰਦੇ ਸਨ । ਕੋਲ ਖੜ੍ਹੇ ਕਿਸਾਨ ਨੂੰ ਕੁਝ ਪਤਾ ਨਹੀਂ ਸੀ ਲੱਗਦਾ । ਬੱਸ ਮੁਨੀਮ ਲੇਖਾ ਪੱਤਾ ਕਰਕੇ, ਕਿਸਾਨ ਵਲੋਂ ਲਿਆ ਕਰਜ਼ਾ ਸਮੇਤ ਵਿਆਜ ਰਕਮ ਕੱਟ ਕੇ ਪਰਚੀ ਕਿਸਾਨ ਦੇ ਹੱਥ ਧਰ ਦਿੰਦਾ । ਕਈ ਵਾਰੀ ਤਾਂ ਲੇਖੇ ਤੋਂ ਪਿਛੋਂ ਵੀ ਕਿਸਾਨ ਵੱਲ ਆੜ੍ਹਤੀ ਦੀ ਕੁਝ ਰਕਮ ਬਾਕੀ ਰਹਿ ਜਾਂਦੀ । ਜੋ ਅਗਲੀ ਫਸਲ 'ਤੇ ਕਿਸਾਨ ਵਲੋਂ ਤਾਰਨੀ ਹੁੰਦੀ ਸੀ । ਪਰ ਉਦੋਂ ਖ਼ੁਦਕੁਸ਼ੀਆਂ ਦਾ ਰੁਝਾਨ ਨਹੀਂ ਸੀ ਹੁੰਦਾ ।

ਕਿਸਾਨ ਦੀ ਮਿਹਨਤ ਦਾ ਪੂਰਾ ਮੁੱਲ ਨਹੀਂ ਮੁੜਦਾ ਸੀ । ਤਾਂ ਸਰਕਾਰ ਨੇ ਸਮਰਥਨ ਮੁੱਲ ਮਿੱਥਣ ਦੀ ਸ਼ੁਰੂਆਤ ਕੀਤੀ । ਕੀੜੇ ਮਾਰ ਦਵਾਈਆਂ, ਖਾਦਾਂ ਅਤੇ ਡੀਜ਼ਲ ਆਦਿ ਦੀਆਂ ਕੀਮਤਾਂ ਧੜਾ ਧੜ ਵਧ ਜਾਂਦੀਆਂ ਹਨ, ਇਸ ਨਾਲ ਵੀ ਖੇਤੀ ਦਾ ਧੰਦਾ ਲਾਹੇ ਵੰਦ ਦੀ ਥਾਂ ਘਾਟੇ ਵਾਲਾ ਬਣ ਗਿਆ ਹੈ । ਫਿਰ ਸਰਕਾਰ ਨੇ ਕਿਸਾਨਾਂ ਦੇ ਹਿਤ ਲਈ ਸਵਾਮੀਨਾਥਨ ਕਮਿਸ਼ਨ ਕਾਇਮ ਕੀਤਾ ਪਰ ਦੁਖ ਦੀ ਗੱਲ ਇਹ ਹੈ ਕਿ ਉਸ ਦੀਆਂ ਸਿਫਾਰਸ਼ਾਂ ਠੀਕ ਤਰ੍ਹਾਂ ਲਾਗੂ ਹੀ ਨਹੀਂ ਕੀਤੀਆਂ ਗਈਆਂ । ਵਿਕਸਿਤ (ਅਕਲਮੰਦ) ਦੇਸ਼ਾਂ ਵਿਚ ਜਦੋਂ ਕਿਸਾਨ ਆਪਣੀ ਜਿਣਸ ਮੰਡੀ ਵਿਚ ਲੈ ਕੇ ਜਾਂਦਾ ਹੈ ਤਾਂ ਬਾਹਰ ਐਂਟਰੀ 'ਤੇ ਉਸ ਦਾ ਵਜ਼ਨ ਹੋ ਜਾਂਦਾ ਹੈ ਅਤੇ ਜਦੋਂ ਫਸਲ ਉਤਾਰ ਕੇ ਵਾਪਸ ਮੁੜਦਾ ਹੈ ਤਾਂ ਗੇਟ ਤੋਂ ਉਸਨੂੰ ਚੈੱਕ ਮਿਲਦਾ ਹੈ ।

ਖੇਤੀ ਬਹੁਤ ਹੀ ਮਿਹਨਤ ਮੁਸ਼ੱਕਤ ਵਾਲਾ ਧੰਦਾ ਹੈ । ਪਰ ਧੰਦੇ ਦੀ ਕੁਦਰਤ ਨਾਲ ਸਾਂਝ ਹੈ । ਬਹੁਤੀਆਂ ਬਾਰਸ਼ਾਂ, ਹੜ੍ਹ, ਸੋਕਾ, ਤੂਫਾਨ ਅਤੇ ਗੜੇ-ਮਾਰੀ ਆਦਿ ਨਾਲ ਫਸਲਾਂ ਦੀ ਤਬਾਹੀ ਕਿਸਾਨ ਨੂੰ ਦੁਖੀ ਮਨ ਨਾਲ ਜਰਨੀ ਪੈਂਦੀ ਹੈ । ਦੂਸਰੇ ਪਾਸੇ ਨਕਲੀ ਕੀੜੇ ਮਾਰ ਦਵਾਈਆਂ, ਨਕਲੀ ਬੀਜ (ਭਾਵ ਘਟੀਆ ਅਤੇ ਨਾ ਉੱਗਣ ਵਾਲੇ) ਅਤੇ ਮਿੱਟੀ ਵਿਚ ਰਲੀਆਂ ਘਟੀਆ ਖਾਦਾਂ ਕਿਸਾਨ ਦੀ ਫਸਲ ਤੇ ਮਾਰੂ ਅਸਰ ਪਾਉਂਦੀਆਂ ਹਨ । ਲੋਕਾਂ ਦਾ ਢਿੱਡ ਭਰਨ ਵਾਲਾ ਅੰਨ ਦਾਤਾ ਆਪ ਭੁੱਖਾਂ ਦਾ ਸ਼ਿਕਾਰ ਹੋ ਕੇ ਬਹਿ ਜਾਂਦਾ ਹੈ । ਇਸ ਹਾਲਤ ਵਿੱਚ ਲੱਖਾਂ ਦਾ ਲਿਆ ਕਰਜ਼ਾ ਸਮੇਤ ਵਿਆਜ ਕਿੱਥੋਂ ਮੋੜਿਆ ਜਾਵੇ । ਅੰਗਰੇਜ਼ਾਂ ਦੇ ਰਾਜ ਵਿਚ ਕਿਸਾਨਾਂ ਨਾਲ ਇਹ ਕਹਿਰ ਨਹੀਂ ਸੀ ਹੁੰਦੇ । ਹਾਂ ਜਿਣਸਾਂ ਦੇ ਭਾਅ ਬਹੁਤ ਸਸਤੇ ਸਨ ਅਤੇ ਕਈ ਵਾਰ ਤਾਂ ਮਾਮਲਾ (ਮਾਲੀਆ) ਤਾਰਨ ਜੋਗੇ ਕੁਝ ਕੁ ਪੈਸੇ ਵੀ ਨਹੀਂ ਬਚਦੇ ਸਨ । ਫਿਰ ਵੀ ਕਿਸਾਨ ਖੁਦਕੁਸ਼ੀ ਨਹੀਂ ਕਰਦਾ ਸੀ । ਉਸ ਨੂੰ ਮਜਬੂਰਨ ਆੜ੍ਹਤੀ ਤੋਂ ਕਰਜ਼ਾ ਚੁੱਕਣਾ ਪੈਂਦਾ ਸੀ । ਕਿਸਾਨਾਂ ਦੀ ਇਹ ਤਰਸਯੋਗ ਹਾਲਤ ਵੇਖ ਕੇ ਪੰਜਾਬ ਦੇ ਇਕ ਬਹਾਦਰ ਅਤੇ ਰਹਿਮ ਦਿਲ ਮੰਤਰੀ ਸਰ ਛੋਟੂ ਰਾਮ ਨੇ ਕਿਸਾਨਾਂ ਦੇ ਸਾਰੇ ਕਰਜ਼ਿਆਂ ਤੇ ਲਕੀਰ ਫੇਰ ਦਿੱਤੀ ਸੀ ।

ਤੁਹਾਨੂੰ ਯਾਦ ਹੋਵੇਗਾ ਕਿ ਕੁਝ ਸਮਾ ਪਹਿਲਾਂ, ਮਾਲਵੇ ਦੀ ਨਰਮਾ ਪੱਟੀ 'ਤੇ ਲਾਲ ਸੁੰਡੀ ਨੇ ਤਕੜਾ ਹਮਲਾ ਕੀਤਾ ਸੀ । ਨਕਲੀ ਦਵਾਈ ਦੇ ਸਪਰੇਅ ਕਾਰਨ ਲਾਲ ਸੁੰਡੀ ਤਾਂ ਮਰੀ ਨਹੀਂ । ਪਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਵਾਧਾ ਹੋ ਗਿਆ । ਉਸ ਪਿੱਛੋਂ ਚਿੱਟੀ ਸੁੰਡੀ ਨੇ ਵੀ ਆਪਣੇ ਜੌਹਰ ਵਧਾਏ । ਹੁਣ ਹੋਈਆਂ ਭਾਰੀ ਬਾਰਸ਼ਾਂ ਨੇ ਕਾਫੀ ਨੁਕਸਾਨ ਕੀਤਾ ਹੈ । ਖ਼ੁਦਕੁਸ਼ੀ ਨਾਲ ਮਸਲੇ ਹੱਲ ਨਹੀਂ ਹੁੰਦੇ ਉਹ ਪਰਿਵਾਰ ਨੂੰ ਹੋਰ ਵੀ ਮੁਸ਼ਕਿਲਾਂ ਵਿਚ ਪਾ ਦਿੰਦੀ ਹੈ । ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਮਿਲ ਕੇ ਖੇਤੀ ਨੂੰ ਲਾਹੇਵੰਦੀ ਬਣਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ ।

ਬਾਕੀ ਸਫਾ 12 'ਤੇ

# ਦੁੱਧ ਪਦਾਰਥ ਬਣਾਉਣਾ

ਨਾਲੋਂ ਜ਼ਿਆਦਾ ਹੁੰਦੀ ਹੈ ।

★ ਦਹੀਂ ਵਿੱਚ ਐਂਟੀਬਾਇਓਟਿਕ ਹੋਣ ਕਰਕੇ ਇਹ ਕਈ ਬੀਮਾਰੀਆਂ ਨਾਲ ਟਾਕਰਾ ਕਰਨ ਲਈ ਕਾਫ਼ੀ ਸਹਾਇਤਾ ਕਰਦੀ ਹੈ ।

★ ਦਹੀਂ ਦੁੱਧ ਨਾਲੋਂ ਜਲਦੀ ਹਜ਼ਮ ਹੋ ਜਾਂਦੀ ਹੈ ।

**ਦਹੀਂ ਦੀ ਬਣਤਰ :** ★ ਦੁੱਧ ਨੂੰ ਉਬਾਲ ਕੇ ਠੰਡਾ ਕਰਕੇ ਪਹਿਲੇ ਦਿਨ ਦੇ ਜਾਗ ਨਾਲ ਦਹੀਂ ਜਮਾ ਦਿੱਤਾ ਜਾਂਦਾ ਹੈ । ਇਸ ਨੂੰ ਰਾਤ ਭਰ ਬਿਨਾਂ ਹਿਲਾਏ ਤੋਂ ਰੱਖਿਆ ਜਾਂਦਾ ਹੈ । ਸਰਦੀਆਂ ਵਿੱਚ ਦਹੀਂ ਵਾਲਾ ਭਾਂਡਾ (ਚਾਟੀ) ਲੋੜੀਂਦਾ ਤਾਪਮਾਨ ਬਣਾਈ ਰੱਖਣ ਲਈ ਗਰਮ ਕੱਪੜੇ ਨਾਲ ਢੱਕਿਆ ਜਾਂਦਾ ਹੈ ।

**ਦਹੀਂ ਤਿਆਰ ਕਰਨ ਦਾ ਤਰੀਕਾ :** ਤਾਜ਼ਾ ਦੁੱਧ ਲੈ ਕੇ ਉਸਨੂੰ 40 ਡਿਗਰੀ ਸੈਂਟੀਗਰੇਡ ਉੱਪਰ ਕੋਸਾ ਕਰਕੇ ਸਾਫ ਮਲਮਲ ਦੇ ਕਪੜੇ ਨਾਲ ਪੁਣ ਲਿਆ ਜਾਂਦਾ ਹੈ । ਉੱਤਮ ਕੁਆਲਿਟੀ ਦਾ ਦਹੀਂ ਤਿਆਰ ਕਰਨ ਲਈ ਦੁੱਧ ਦੀ ਫੈਟ 3 ਪ੍ਰਤੀਸ਼ਤ ਅਤੇ ਐਸ. ਐਨ. ਐਫ. 3 ਪ੍ਰਤੀਸ਼ਤ ਦੇ ਕਰੀਬ ਹੋਣੀ ਚਾਹੀਦੀ ਹੈ । ਇਸ ਦੁੱਧ ਨੂੰ 80-90 ਡਿਗਰੀ ਸੈਂਟੀਗ੍ਰੇਡ ਉੱਪਰ 15 ਮਿੰਟ ਤੱਕ ਗਰਮ ਕਰਨ ਉਪਰੰਤ ਇਸ ਦੁੱਧ ਨੂੰ 20 ਤੋਂ 25 ਡਿਗਰੀ ਸੈਂਟੀਗ੍ਰੇਡ ਉੱਪਰ ਠੰਡਾ ਕੀਤਾ ਜਾਵੇ । ਜਾਗ ਨੂੰ 25 ਡਿਗਰੀ ਸੈਂਟੀਗ੍ਰੇਡ ਉੱਪਰ 1 ਪ੍ਰਤੀਸ਼ਤ ਦੀ ਦਰ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ । ਪਰੰਤੂ ਜੇ ਦਹੀਂ ਤੋਂ ਮੱਖਣ ਜਾਂ ਘਿਓ ਬਣਾਉਣਾ ਹੋਵੇ ਤਾਂ ਜਾਗ ਥੋੜ੍ਹੇ ਜਿਹੇ ਜ਼ਿਆਦਾ ਗਰਮ ਦੁੱਧ (35 ਡਿਗਰੀ ਸੈਂਟੀਗ੍ਰੇਡ ਨੂੰ ਲਾਇਆ ਜਾਂਦਾ ਹੈ । ਮਿੱਠਾ ਦਹੀਂ ਬਣਾਉਣ ਲਈ ਕੱਪਾਂ ਵਿੱਚ 12-14 ਘੰਟਿਆਂ ਲਈ 25 ਡਿਗਰੀ ਸੈਂਟੀਗ੍ਰੇਡ ਉੱਪਰ ਜੰਮਣ ਦਿੱਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਫਰਿਜ਼ ਵਿੱਚ ਲਗਭਗ 5-10 ਡਿਗਰੀ ਸੈਂਟੀਗ੍ਰੇਡ ਉੱਪਰ ਸਟੋਰ ਕਰਕੇ ਵੇਚਿਆ ਜਾਂਦਾ ਹੈ । ਖੱਟੇ ਦਹੀਂ ਨੂੰ ਰਿੜਕ ਕੇ ਉਸ ਤੋਂ ਮੱਖਣ, ਦੇਸੀ ਘਿਓ ਅਤੇ ਲੱਸੀ ਬਣਾਈ ਜਾਂਦੀ ਹੈ । ਉੱਤਮ ਕੁਆਲਿਟੀ ਦੀ ਦਹੀਂ ਦਾ ਰੰਗ ਸਾਫ ਪਰੰਤੂ ਹਲਕੀ, ਪੀਲੀ ਦਿੱਖ ਵਾਲਾ ਅਤੇ ਸਵਾਦ ਪੱਖੋਂ ਥੋੜ੍ਹਾ ਜਿਹਾ ਖਟਾਸ ਵਾਲਾ ਹੋਣਾ ਚਾਹੀਦਾ ਹੈ ।

**ਦਹੀਂ ਜਮਾਉਣ ਵੇਲੇ ਧਿਆਨ ਰੱਖਣ ਯੋਗ ਗੱਲਾਂ :** ★ ਜ਼ਿਆਦਾ ਗਰਮ ਦੁੱਧ ਨੂੰ ਜਾਗ ਨਹੀਂ ਲਾਉਣਾ ਚਾਹੀਦਾ ।

★ ਜਾਗ ਘੱਟ ਤਾਪਮਾਨ ਉਤੇ 10-15 ਡਿਗਰੀ ਸੈਂਟੀਗ੍ਰੇਡ ਉੱਪਰ ਸਟੋਰ ਕਰਨਾ ਚਾਹੀਦਾ ਹੈ ।

★ ਦੁੱਧ ਦੀ ਫੈਟ ਘੱਟ ਹੋਣੀ ਚਾਹੀਦੀ ਹੈ ਜਿੰਨੀ ਦੁੱਧ ਦੀ ਫੈਟ ਘੱਟ ਹੋਵੇਗੀ ਦਹੀਂ ਉਨ੍ਹਾਂ ਹੀ ਵਧੀਆ ਹੋਵੇਗਾ ।

★ ਦਹੀਂ ਦਾ ਤੇਜ਼ਾਬੀਪਨ (ਐਸੀਡੀਟੀ) 0.75 ਤੋਂ 0.85 ਦੇ ਵਿੱਚ ਹੀ ਹੋਣਾ ਚਾਹੀਦਾ ਹੈ ।

**ਮੱਖਣ ਬਣਾਉਣਾ :** ਮੱਖਣ, ਗਾਂ ਜਾਂ ਮੱਝ ਦੇ ਦੁੱਧ ਦੇ ਦਹੀਂ ਨੂੰ ਰਿੜਕ ਕੇ ਤਿਆਰ ਕੀਤਾ ਜਾਂਦਾ ਹੈ । ਇਸ ਵਿੱਚ ਕਿਸੇ ਕਿਸਮ ਦੇ ਰੰਗ, ਰੰਧ ਵਗੈਰਾ ਨਹੀਂ ਪਾਏ ਜਾਂਦੇ । ਇਸ ਦੀ ਫੈਟ 76-80 ਪ੍ਰਤੀਸ਼ਤ ਹੋਣੀ ਚਾਹੀਦੀ ਹੈ ।

**ਮੱਖਣ ਬਣਾਉਣ ਦਾ ਤਰੀਕਾ :** ਮੱਝ ਦਾ ਤਾਜ਼ਾ ਦੁੱਧ ਮੱਖਣ ਬਣਾਉਣ ਲਈ ਉੱਤਮ ਹੁੰਦਾ ਹੈ । ਕਿਉਂਕਿ ਮੱਝ ਦੇ ਦੁੱਧ ਦੀ ਫੈਟ ਜ਼ਿਆਦਾ ਆਉਂਦੀ ਹੈ ਅਤੇ ਮੱਖਣ ਵੀ ਜ਼ਿਆਦਾ ਹੁੰਦੀ ਹੈ । ਜਮਾਉਂ ਵਾਲਾ ਦੁੱਧ ਸਾਫ ਅਤੇ ਮਿੱਠਾ ਹੋਣਾ ਚਾਹੀਦਾ ਹੈ । ਦੁੱਧ ਤੋਂ ਦਹੀਂ ਜਮਾਉਣ ਦਾ ਤਰੀਕਾ ਪਹਿਲਾਂ ਦੱਸਿਆ ਜਾ ਚੁੱਕਾ ਹੈ । ਪਰੰਤੂ ਇਥੇ ਕਿਉਂਕਿ ਖੱਟਾ ਦਹੀਂ ਤਿਆਰ ਕਰਨਾ ਹੈ । ਇਸ ਲਈ ਜਾਗ ਦੀ ਮਾਤਰਾ ਸਰਦੀਆਂ ਵਿੱਚ 2.5 ਪ੍ਰਤੀਸ਼ਤ ਅਤੇ ਗਰਮੀਆਂ ਵਿੱਚ 1 ਪ੍ਰਤੀਸ਼ਤ ਰੱਖਣੀ ਪਵੇਗੀ ਜੋ ਕਿ ਵਾਤਾਵਰਣ ਦੇ ਤਾਪਮਾਨ ਅਨੁਸਾਰ ਵਧਾਈ-ਘਟਾਈ ਜਾ ਸਕਦੀ ਹੈ ।



**ਦੁੱਧ ਰਿੜਕਨਾ :** ਦਹੀਂ ਰਿੜਕਨ ਦਾ ਤਾਪਮਾਨ 13 ਡਿਗਰੀ ਸੈਂਟੀਗਰੇਡ ਦੇ ਲਗਭਗ ਰੱਖਣ ਲਈ ਵਾਤਾਵਰਣ ਦੇ ਤਾਪਮਾਨ ਮੁਤਾਬਕ ਪਾਉਣਾ ਠੰਡਾ ਪਾਣੀ ਪਾਉਣਾ ਚਾਹੀਦਾ ਹੈ । ਕਦੇ ਵੀ ਬਰਤਨ ਵਿੱਚ ਏਨਾ ਪਾਣੀ ਨਹੀਂ ਪਾਉਣਾ ਚਾਹੀਦਾ ਕਿ ਉਹ ਰਿੜਕੇ ਜਾਣ ਵਾਲੇ ਦਹੀਂ ਤੋਂ ਵੱਧ ਜਾਵੇ । ਰਿੜਕਣ ਦਾ ਸਮਾਂ ਵੀ ਦੁੱਧ ਦੀ ਕੁਆਲਿਟੀ (ਫੈਟ), ਦੁੱਧ ਦੀ ਮਾਤਰਾ ਤੋਂ ਮੌਸਮ ਉੱਪਰ ਨਿਰਭਰ ਕਰਦਾ ਹੈ । ਫਿਰ ਵੀ 20-22 ਮਿੰਟਾਂ ਵਿੱਚ ਦਹੀਂ ਰਿੜਕਿਆ ਜਾਂਦਾ ਹੈ । ਫਿਰ ਲੱਸੀ ਨੂੰ ਕੱਢਕੇ ਮੱਖਣ ਨੂੰ ਦੁਬਾਰਾ ਠੰਡੇ ਪਾਣੀ ਨਾਲ ਘੱਟ ਸਪੀਡ ਉੱਪਰ ਰਿੜਕਿਆ ਜਾਂਦਾ ਹੈ ਤਾਂ ਜੋ ਥੋੜ੍ਹਾ ਬਹੁਤ ਵੀ ਦਹੀਂ/ਛਿੱਦੀ ਮੱਖਣ ਵਿੱਚ ਨਾ ਰਹਿ ਜਾਵੇ । ਫਿਰ ਮੱਖਣ ਨੂੰ ਘੀ ਬਨਾਉਣ ਲਈ ਬਰਤਨ ਵਿੱਚ ਸਟੇਨਲੈਸ ਸਟੀਲ ਦੀ ਕੜਛੀ ਨਾਲ ਕੱਢ ਲੈਣਾ ਚਾਹੀਦਾ ਹੈ ।

**ਮੱਖਣ ਦੀ ਕੁਆਲਿਟੀ :** ਮੱਝ ਦੇ ਦੁੱਧ ਦਾ ਮੱਖਣ ਹਲਕੇ ਸਫੇਦ ਰੰਗ ਦਾ ਅਤੇ ਗਾਂ ਦੇ ਦੁੱਧ ਦਾ ਮੱਖਣ ਹਲਕੇ ਪੀਲੇ ਰੰਗ ਦਾ ਹੁੰਦਾ ਹੈ । ਮੱਖਣ ਦਾਣੇਦਾਰ ਸਖਤ ਚੰਗੀ ਸੁਗੰਧ ਵਾਲਾ ਅਤੇ ਕਿਸੇ ਕਿਸਮ ਦੇ ਧੂੜ ਕਣਾਂ ਤੋਂ ਰਹਿਤ ਹੋਣਾ ਚਾਹੀਦਾ ਹੈ ।

**ਲੱਸੀ :** ਇਹ ਦਹੀਂ ਨੂੰ ਜਾਂ ਦੁੱਧ ਨੂੰ ਰਿੜਕਣ ਤੋਂ ਬਾਅਦ ਮੱਖਣ ਉਤਪਾਦਨ ਤੋਂ ਬਾਅਦ ਬਚਿਆ ਹੋਇਆ ਤਰਲ ਪਦਾਰਥ ਹੈ । ਲੱਸੀ ਦੇ ਵਿੱਚ ਪ੍ਰੋਟੀਨ ਅਤੇ ਫਾਸਫੋਲਿਪਡਜ਼ ਹੋਣ ਕਰਕੇ ਇਹ ਪਿਆਸ ਬੁਝਾਉਣ ਦਾ ਸਭ ਤੋਂ ਸਸਤਾ ਅਤੇ ਉੱਤਮ ਪਦਾਰਥ ਹੈ । ਲੱਸੀ ਦੇ ਵਿੱਚ ਖੰਡ ਜਾਂ ਨਮਕ ਪਾ ਕੇ ਇਸ ਨੂੰ ਵਰਤਿਆ ਜਾਂਦਾ ਹੈ । ਠੰਡੀ ਲੱਸੀ ਵਿੱਚ ਲੋੜ ਮੁਤਾਬਕ ਬਰਫ ਅਤੇ ਫਲੇਵਰ ਵੀ ਪਾਏ ਜਾ ਸਕਦੇ ਹਨ । ਲੱਸੀ ਦੇ ਵਿੱਚ ਤਕਰੀਬਨ 1 ਪ੍ਰਤੀਸ਼ਤ ਫੈਟ, 3 ਪ੍ਰਤੀਸ਼ਤ ਐਸ.ਐਨ. ਐਫ. ਅਤੇ 96 ਪ੍ਰਤੀਸ਼ਤ ਪਾਣੀ ਹੁੰਦਾ ਹੈ ।

**ਦੇਸੀ ਘਿਓ ਬਣਾਉਣਾ :** ਘਿਓ, ਮੱਖਣ ਤੋਂ ਤਿਆਰ ਕੀਤਾ ਗਿਆ ਸ਼ੁੱਧ ਫੈਟ ਹੁੰਦਾ ਹੈ । ਭਾਰਤ ਵਿੱਚ ਦੁੱਧ ਦੀ ਕੁੱਲ ਪੈਦਾਵਾਰ ਦਾ 33 ਪ੍ਰਤੀਸ਼ਤ ਘਿਓ ਵਿੱਚ ਤਬਦੀਲ ਹੁੰਦਾ ਹੈ । ਮੱਝ ਦਾ ਦੁੱਧ ਦੇਸੀ ਘਿਓ ਲਈ ਉੱਤਮ ਗਿਣਿਆ ਜਾਂਦਾ ਹੈ ਕਿਉਂਕਿ ਇਸ ਦੇ ਫੈਟ ਦੇ ਕਣ ਅਤੇ ਸੁਗੰਧ ਗਾਂ ਦੇ ਦੁੱਧ ਨਾਲੋਂ ਨਿਵੇਕਲੀ ਕਿਸਮ ਦੀ ਹੁੰਦੀ ਹੈ । ਘਿਓ ਵਿੱਚ 99 ਪ੍ਰਤੀਸ਼ਤ ਫੈਟ ਹੁੰਦੀ ਹੈ । 0.5 ਪ੍ਰਤੀਸ਼ਤ ਨਮੀਂ ਅਤੇ ਬਾਕੀ ਫਰੀ ਫੈਟੀਐਸਿਡ ਹੁੰਦੇ ਹਨ । ਘਿਓ ਦਾ ਪਿਘਲਾਊ ਦਰਜਾ 30 ਡਿਗਰੀ ਸੈਂਟੀਗ੍ਰੇਡ ਅਤੇ ਜਮਾਊ ਦਰਜਾ 20 ਡਿਗਰੀ ਸੈਂਟੀਗ੍ਰੇਡ ਦੇ ਲੱਗਭਗ ਹੁੰਦਾ ਹੈ ।

**ਘਿਓ ਦੀ ਪੌਸ਼ਟਿਕਤਾ :** ਘਿਓ ਸਰਬ ਭਾਰਤੀ ਪਦਾਰਥਾਂ ਵਿੱਚੋਂ ਸਭ ਤੋਂ ਵੱਧ ਫੈਟ ਰੱਖਣ ਵਾਲਾ ਪਦਾਰਥ ਹੈ ।

**ਘਿਓ ਬਣਾਉਣ ਦਾ ਤਰੀਕਾ :** ਘਿਓ, ਮੱਖਣ ਜਾਂ ਕਰੀਮ ਤੋਂ ਬਣਾਇਆ ਜਾਂਦਾ ਹੈ । ਉੱਤਮ ਕੁਆਲਿਟੀ ਦਾ ਘਿਓ ਬਣਾਉਣ ਲਈ ਪਿੰਡਾਂ ਦੀ ਰਵਾਇਤ ਅਨੁਸਾਰ ਮੱਖਣ ਨੂੰ ਲੰਬੇ ਸਮੇਂ ਲਈ ਸਟੋਰ ਨਹੀਂ ਕੀਤਾ ਜਾਣਾ ਚਾਹੀਦਾ । ਸਗੋਂ ਤਾਜ਼ੇ ਮੱਖਣ ਤੋਂ ਰੋਜ਼ਾਨਾ ਘਿਓ ਬਣਾਉਣਾ ਚਾਹੀਦਾ ਹੈ । ਮੱਖਣ ਨੂੰ 80 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੇ 30 ਮਿੰਟ ਲਈ ਗਰਮ ਕਰਕੇ ਹੇਠਲੀ ਪਾਣੀ ਦੀ ਤਹਿ ਛੱਡਕੇ ਘਿਓ ਨੂੰ ਦੂਸਰੇ ਬਰਤਨ ਵਿੱਚ ਨਿਤਾਰ ਲਵੋ । ਇਸ ਤੋਂ ਬਾਅਦ ਇਸ ਕੱਚੇ ਘਿਓ ਨੂੰ ਸਟੇਨਲੈਸ ਸਟੀਲ ਦੇ ਬਰਤਨ ਵਿੱਚ ਫਿਰ ਗਰਮ ਕਰੋ । ਅੱਗ ਦਾ ਸੇਕ ਇਨ੍ਹਾਂ ਜ਼ਿਆਦਾ ਨਾ ਹੋਵੇ ਕਿ ਘਿਓ ਮੱਚਣ ਲੱਗ ਪਵੇ । ਦੇਸੀ ਤਰੀਕੇ ਨਾਲ ਬਣਾਇਆ ਘਿਓ ਮਿਲਕ ਪਲਾਂਟਾਂ ਦੇ ਘਿਓ ਨਾਲੋਂ ਵਧੀਆ ਖੁਸ਼ਬੂਦਾਰ ਅਤੇ ਦਾਣੇਦਾਰ ਹੁੰਦਾ ਹੈ । ਘਿਓ ਨੂੰ ਕਦੇ ਵੀ ਸੂਰਜ ਦੀ ਰੌਸ਼ਨੀ ਵਿੱਚ, ਖੁੱਲੇ ਭਾਂਡਿਆਂ ਵਿੱਚ ਤਾਂਬਾ ਪਿੱਤਲ ਆਦਿ ਧਾਤਾਂ ਦੇ ਬਰਤਨਾਂ ਵਿੱਚ ਸਟੋਰ ਨਹੀਂ ਕਰਨਾ ਚਾਹੀਦਾ । ਟੀਨ ਦੇ ਬਰਤਨ, ਘਿਓ ਨੂੰ ਸਟੋਰ ਤੇ ਮੰਡੀਕਰਨ ਲਈ ਸਭ ਤੋਂ ਉੱਤਮ ਗਿਣੇ ਜਾਂਦੇ ਹਨ । ਘਿਓ ਨੂੰ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿੱਚ ਹੀ ਸਟੋਰ ਕੀਤਾ ਜਾਣਾ ਚਾਹੀਦਾ ਹੈ । ਵੱਧ ਤਾਪਮਾਨ ਉੱਤੇ ਘਿਓ ਦੀ ਸੁਗੰਧ ਅਤੇ ਇਸਦੀ ਦਿੱਖ ਵਿਗੜ ਜਾਵੇਗੀ । ਆਮ ਤੌਰ ਤੇ ਘਿਓ ਵਿਚੋਲਿਆਂ ਰਾਹੀਂ ਵੇਚਿਆ ਜਾਂਦਾ ਹੈ, ਜੇ ਕਿਸਾਨ ਵਧੀਆ ਕੁਆਲਿਟੀ ਦਾ ਘਿਓ ਬਣਾਕੇ ਆਪ ਮੰਡੀਕਰਣ ਕਰਨ ਤਾਂ ਉਹ ਵੱਧ ਮੁਨਾਫਾ ਲੈ ਸਕਦੇ ਹਨ ।

**ਘਿਓ ਬਣਾਉਣ ਵੇਲੇ ਧਿਆਨ ਰੱਖਣ ਯੋਗ ਗੱਲਾਂ :** ★ ਘਿਓ ਨੂੰ 80 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਤਾਪਮਾਨ ਉੱਤੇ ਗਰਮ ਨਹੀਂ ਕਰਨਾ ਚਾਹੀਦਾ ।

★ ਘਿਓ ਬਣਾਉਣ ਸਮੇਂ ਅੱਗ ਧੂੰਏ ਰਹਿਤ ਹੋਣੀ ਚਾਹੀਦੀ ਹੈ ।

★ ਘਿਓ ਨੂੰ ਨਿਤਾਰਨ ਤੋਂ ਬਾਅਦ ਇਕਦਮ ਠੰਡਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਇਹ ਗਰੀਸ ਦੀ ਸ਼ਕਲ ਅਖਤਿਆਰ ਕਰ ਲਵੇਗਾ । ਘਿਓ ਨੂੰ ਵਾਰ ਵਾਰ ਗਰਮ ਕਰਨਾ ਅਤੇ ਠੰਡਾ ਕਰਨ ਨਾਲ ਵੀ ਇਸ ਦੇ ਦਾਣੇ ਟੁੱਟ ਕੇ ਗਰੀਸ ਦੀ ਸ਼ਕਲ ਅਖਤਿਆਰ ਕਰ ਲੈਂਦੇ ਹਨ ।

★ ਘਿਓ ਨੂੰ 20 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਤਾਪਮਾਨ ਉੱਤੇ ਸਟੋਰ ਨਹੀਂ ਕਰਨਾ ਚਾਹੀਦਾ ਹੈ ।

★ ਘਿਓ ਨੂੰ ਸਾਫ ਬਰਤਨਾਂ ਵਿੱਚ ਨਿਤਾਰਨਾ ਚਾਹੀਦਾ ਹੈ ਅਨਗਹਿਲੀ ਨਾਲ ਘਿਓ ਦੇ ਵਿੱਚ ਧੂੜ ਕਣ ਆ ਸਕਦੇ ਹਨ ।

ਸਰੋਤ : ਡੇਅਰੀ ਵਿਕਾਸ ਵਿਭਾਗ, ਪੰਜਾਬ ।



# ਕਿਸਾਨਾਂ ਲਈ ਖਿੱਚ ਦਾ ਕੇਂਦਰ ਬਣ ਰਹੇ ਹਨ ਕਿਸਾਨ ਮੇਲੇ



ਭਗਵਾਨ ਦਾਸ

ਲਾਹੇਵੰਦ ਝਾੜ ਲੈਣ ਲਈ ਹਾੜ੍ਹੀ ਦੀਆਂ ਫ਼ਸਲਾਂ ਦੇ ਸੁਧਰੇ ਅਤੇ ਸ਼ੁੱਧ ਬੀਜਾਂ ਦੀ ਖਰੀਦ ਲਈ ਕਿਸਾਨ ਮੇਲੇ ਕਿਸਾਨਾਂ ਦੇ ਅਹਿਮ ਕੇਂਦਰ ਹਨ । ਕਿਸਾਨ ਹਾੜ੍ਹੀ ਦੀਆਂ ਫ਼ਸਲਾਂ ਲਈ ਯੋਗ ਕਿਸਮਾਂ ਦੇ ਬੀਜ ਦੀ ਅੱਜਕਲ੍ਹ ਭਾਲ ਕਰ ਰਹੇ ਹਨ । ਨਕਲੀ ਅਤੇ ਗੈਰ-ਮਿਆਰੀ ਬੀਜਾਂ ਦੀ ਮੰਡੀ ਵਿੱਚ ਵਿਕਰੀ ਹੋਣ ਕਾਰਨ ਕਿਸਾਨ ਆਪਣੀ ਲੋੜ ਕਿਸਾਨ ਮੇਲਿਆਂ ਵਿੱਚੋਂ ਹੀ ਪੂਰੀ ਕਰਨ ਲਈ ਯਤਨਸ਼ੀਲ ਹਨ । ਇਸ ਸੰਬੰਧੀ ਉਹ ਕਿਸਾਨ ਮੇਲਿਆਂ ਨੂੰ ਤੱਕਦੇ ਹਨ । ਇਨ੍ਹਾਂ ਮੇਲਿਆਂ ਵਿੱਚ ਕਿਸਾਨ ਆਪੋ ਵਿੱਚ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਦੇ ਹਨ, ਜਿਸ ਪਿੱਛੋਂ ਕਿਸਾਨ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭਦੇ ਹਨ ਅਤੇ ਵਿਗਿਆਨੀ ਖੋਜ ਲਈ ਪ੍ਰਤੀਕਰਮ ਲੈਂਦੇ ਹਨ । ਪ੍ਰਸ਼ਨ-ਉੱਤਰ ਗੋਸ਼ਟੀਆਂ ਵੀ ਇਨ੍ਹਾਂ ਮੇਲਿਆਂ ਵਿੱਚ ਹੁੰਦੀਆਂ ਹਨ, ਜਿਸ ਵਿੱਚ ਵਿਗਿਆਨੀਆਂ ਵੱਲੋਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ।

ਸਤੰਬਰ ਮਹੀਨੇ ਦੌਰਾਨ ਲਗਾਏ ਜਾ ਰਹੇ ਕਿਸਾਨ ਮੇਲੇ ਕਿਸਾਨਾਂ ਲਈ ਖਿੱਚ ਦਾ ਕੇਂਦਰ ਬਣ ਗਏ ਹਨ । ਖੇਤੀ ਪੱਖੋਂ ਇਹ ਬੜੇ ਮਹੱਤਵਪੂਰਨ ਹਨ । ਇਸ ਵੇਲੇ ਝੋਨੇ ਦੀ ਫ਼ਸਲ ਪੂਰੇ ਜੋਬਨ 'ਤੇ ਹੈ । ਫ਼ਲਦਾਰ ਬੂਟੇ ਲਗਾਉਣ ਲਈ ਇਹ ਯੋਗ ਸਮਾਂ ਹੈ । ਲਾਹੇਵੰਦ ਝਾੜ ਲੈਣ ਲਈ ਹਾੜ੍ਹੀ ਦੀਆਂ ਫ਼ਸਲਾਂ ਦੇ ਸੁਧਰੇ ਅਤੇ ਸ਼ੁੱਧ ਬੀਜਾਂ ਦੀ ਖਰੀਦ ਲਈ ਇਹ ਕਿਸਾਨਾਂ ਦੇ ਅਹਿਮ ਕੇਂਦਰ ਹਨ । ਕਿਸਾਨ ਹਾੜ੍ਹੀ ਦੀਆਂ ਫ਼ਸਲਾਂ ਲਈ ਯੋਗ ਕਿਸਮਾਂ ਦੇ ਬੀਜ ਦੀ ਅੱਜਕਲ੍ਹ ਭਾਲ ਕਰ ਰਹੇ ਹਨ । ਨਕਲੀ ਅਤੇ ਗੈਰ-ਮਿਆਰੀ ਬੀਜਾਂ ਦੀ ਮੰਡੀ ਵਿੱਚ ਵਿਕਰੀ ਹੋਣ ਕਾਰਨ ਕਿਸਾਨ ਆਪਣੀ ਲੋੜ ਕਿਸਾਨ ਮੇਲਿਆਂ ਵਿੱਚੋਂ ਹੀ ਪੂਰੀ ਕਰਨ ਲਈ ਯਤਨਸ਼ੀਲ ਹਨ । ਇਸ ਸੰਬੰਧੀ ਉਹ ਕਿਸਾਨ ਮੇਲਿਆਂ ਨੂੰ ਤੱਕਦੇ ਹਨ । ਇਨ੍ਹਾਂ ਮੇਲਿਆਂ ਵਿੱਚ ਕਿਸਾਨ ਆਪੋ ਵਿੱਚ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਦੇ ਹਨ, ਜਿਸ ਪਿੱਛੋਂ ਕਿਸਾਨ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭਦੇ ਹਨ ਅਤੇ ਵਿਗਿਆਨੀ ਖੋਜ ਲਈ ਪ੍ਰਤੀਕਰਮ ਲੈਂਦੇ ਹਨ । ਪ੍ਰਸ਼ਨ-ਉੱਤਰ ਗੋਸ਼ਟੀਆਂ ਵੀ ਇਨ੍ਹਾਂ ਮੇਲਿਆਂ ਵਿੱਚ ਹੁੰਦੀਆਂ ਹਨ, ਜਿਸ ਵਿੱਚ ਵਿਗਿਆਨੀਆਂ ਵੱਲੋਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ । ਕਣਕ ਹਾੜ੍ਹੀ ਦੀ ਮੁੱਖ ਫ਼ਸਲ ਹੈ । ਕਿਸਾਨ ਇਸ ਫ਼ਸਲ ਦੇ ਵੱਖੋ-ਵੱਖ ਕਿਸਮ ਦੇ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸੇ ਮਹੀਨੇ ਲਗਾਏ ਜਾ ਰਹੇ ਕਿਸਾਨ ਮੇਲਿਆਂ ਵਿੱਚ ਅਤੇ ਆਈ. ਸੀ. ਏ. ਆਰ.-ਭਾਰਤੀ ਖੇਤੀ ਖੋਜ ਸੰਸਥਾਨ ਦੇ ਕੋਲੈਬੋਰੇਟਿਵ ਆਊਟ ਸਟੇਸ਼ਨ ਰਿਸਰਚ ਸੈਂਟਰ (ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ) ਰੱਖੜਾ ਵਿਖੇ ਲਗਾਏ ਜਾ ਰਹੇ ਕਿਸਾਨ ਕੈਂਪ ਵਿੱਚ ਖਰੀਦ ਲੈ ਕੇ ਜਾਣਗੇ ।



ਹਾੜ੍ਹੀ ਦੀਆਂ ਫ਼ਸਲਾਂ ਵਿਸ਼ੇਸ਼ ਕਰਕੇ ਮੁੱਖ ਕਣਕ ਦੀ ਫ਼ਸਲ ਦੇ ਬੀਜ ਦੇਣ ਅਤੇ ਹੋਰ ਦੂਜੀਆਂ ਫ਼ਸਲਾਂ ਦੀ ਜਾਣਕਾਰੀ ਅਤੇ ਤਕਨਾਲੋਜੀ ਕਿਸਾਨਾਂ ਨੂੰ ਮੁਹੱਈਆ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬੱਲੋਵਾਲ ਸੌਂਕੜੀ (ਨਵਾਂ ਸ਼ਹਿਰ) ਵਿਖੇ 8 ਸਤੰਬਰ ਨੂੰ, ਗੁਰਦਾਸਪੁਰ ਵਿਖੇ 12 ਸਤੰਬਰ ਨੂੰ, ਫਰੀਦਕੋਟ ਵਿਖੇ 19 ਸਤੰਬਰ ਨੂੰ, ਰੌਣੀ (ਪਟਿਆਲਾ) ਵਿਖੇ 22 ਸਤੰਬਰ ਨੂੰ ਅਤੇ ਅੰਤ ਵਿੱਚ ਬਠਿੰਡਾ ਵਿਖੇ 27 ਸਤੰਬਰ ਨੂੰ ਕਿਸਾਨ ਮੇਲੇ ਲਗਾਏ ਜਾਣਗੇ । ਮੁੱਖ ਕਿਸਾਨ ਮੇਲਾ ਪੀ. ਏ. ਯੂ. ਕੈਂਪਸ, ਲੁਧਿਆਣਾ ਵਿਖੇ 14-15 ਸਤੰਬਰ ਨੂੰ ਲਾਇਆ ਜਾਵੇਗਾ । ਇਸ ਤੋਂ ਬਾਅਦ ਰੱਖੜਾ ਵਿਖੇ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਦੇ ਕੈਂਪਸ (ਆਈ. ਸੀ. ਏ. ਆਰ.-ਆਈ. ਏ. ਆਰ. ਆਈ. ਕੋਲੈਬੋਰੇਟਿਵ ਆਊਟ ਸਟੇਸ਼ਨ ਰਿਸਰਚ ਸੈਂਟਰ) ਤੇ 29 ਸਤੰਬਰ ਨੂੰ ਵਿਸ਼ੇਸ਼ ਸੀਡ ਡਿਸਟਰੀਬਿਊਸ਼ਨ ਅਤੇ ਕਿਸਾਨ ਸਿਖਲਾਈ ਕੈਂਪ ਲਗਾਇਆ ਜਾਵੇਗਾ । ਪੀ. ਏ. ਯੂ. ਵੱਲੋਂ ਲਗਾਏ ਜਾ ਰਹੇ ਕਿਸਾਨ ਮੇਲਿਆਂ ਵਿੱਚ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੀ ਨਵੀਂ ਵਿਕਸਿਤ ਕਿਸਮ ਪੀ. ਬੀ. ਡਬਲਿਊ-826 ਦਾ ਬੀਜ ਕਿਸਾਨਾਂ ਨੂੰ ਉਪਲੱਬਧ ਹੋਵੇਗਾ । ਇਸ ਤੋਂ ਇਲਾਵਾ ਪੀ. ਏ. ਯੂ. ਵੱਲੋਂ ਵਿਕਸਿਤ ਪੀ. ਬੀ. ਡਬਲਿਊ-824, 766, 343, 725, 677, 803, 869, ਉੱਨਤ ਪੀ. ਬੀ. ਡਬਲਿਊ-550 ਅਤੇ ਪੀ. ਬੀ. ਡਬਲਿਊ. ਜ਼ਿੰਕ-2 ਆਦਿ ਕਿਸਮਾਂ ਦੇ ਬੀਜ ਕਿਸਾਨ ਖਰੀਦ ਸਕਣਗੇ । ਪਿਛੇਤੀ ਬਿਜਾਈ ਲਈ ਕਣਕ ਦੀ ਪੀ. ਬੀ. ਡਬਲਿਊ-752, ਪੀ. ਬੀ. ਡਬਲਿਊ-771 ਅਤੇ ਪੀ. ਬੀ. ਡਬਲਿਊ-757 ਕਿਸਮਾਂ ਦੇ ਬੀਜ ਉਪਲੱਬਧ ਹੋਣਗੇ । ਆਈ. ਸੀ. ਏ. ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦੇ ਸਹਿਯੋਗ ਨਾਲ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵੱਲੋਂ ਰੱਖੜਾ ਆਊਟਸਟੇਸ਼ਨ ਵਿਖੇ ਲਗਾਏ ਜਾ ਰਹੇ ਕਿਸਾਨ ਕੈਂਪ ਅਤੇ ਆਈ. ਸੀ. ਏ. ਆਰ. ਸੰਸਥਾਵਾਂ ਵੱਲੋਂ ਵਿਕਸਿਤ ਕਣਕ ਦੀਆਂ ਡੀ. ਬੀ. ਡਬਲਿਊ-303, ਡੀ. ਬੀ. ਡਬਲਿਊ-187, ਡੀ. ਬੀ. ਡਬਲਿਊ-222, ਡੀ. ਬੀ. ਡਬਲਿਊ-327 ਅਤੇ ਡੀ. ਬੀ. ਡਬਲਿਊ-332 ਤੇ ਐਚ. ਡੀ.-3298 (ਪਿਛੇਤੀ ਬਿਜਾਈ ਲਈ) ਦੇ ਸ਼ੁੱਧ ਬੀਜ ਕਿਸਾਨ ਖਰੀਦ ਸਕਣਗੇ । ਇਸ ਤੋਂ ਇਲਾਵਾ ਕੁਝ ਚੋਣਵੇਂ ਕਿਸਾਨਾਂ ਨੂੰ ਕਣਕ ਦੀਆਂ ਡੀ. ਬੀ. ਡਬਲਿਊ-370, ਡੀ. ਬੀ. ਡਬਲਿਊ-371 ਅਤੇ ਡੀ. ਬੀ. ਡਬਲਿਊ-372 ਕਿਸਮਾਂ ਦੇ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਕੁਝ ਬੀਜ ਅਜਮਾਇਸ਼ ਲਈ ਮੁਹੱਈਆ ਕੀਤੇ ਜਾਣਗੇ ਅਤੇ ਇਨ੍ਹਾਂ ਕਿਸਮਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ ।



ਸਤੰਬਰ ਦਾ ਮਹੀਨਾ ਕਿਸਾਨਾਂ ਲਈ 'ਬਹਾਰ ਦਾ ਮੌਸਮ' ਹੈ । ਸਤੰਬਰ ਵਿੱਚ ਹੋਣ ਵਾਲੇ ਇਨ੍ਹਾਂ ਕਿਸਾਨ ਮੇਲਿਆਂ 'ਤੇ ਵਿਸ਼ੇਸ਼ ਸੀਡ ਡਿਸਟਰੀਬਿਊਸ਼ਨ ਅਤੇ ਸਿਖਲਾਈ ਕੈਂਪਾਂ ਵਿੱਚ ਕਿਸਾਨ ਹੁੰਮ-ਹੁੰਮਾ ਕੇ ਪਹੁੰਚਦੇ ਹਨ । ਝੋਨਾ ਅਤੇ ਨਰਮਾ ਇਸ ਮੌਸਮ ਵਿੱਚ ਪੱਕਣ ਕੰਢੇ ਹੁੰਦੇ ਹਨ । ਕਿਸਾਨ ਸਦਾਬਹਾਰ ਫਲਾਂ ਤੋਂ ਇਲਾਵਾ ਮੁੱਖ ਸਬਜ਼ੀ ਆਲੂਆਂ ਦੀ ਅਗੇਤੀ ਬਿਜਾਈ ਵੀ ਕਰ ਸਕਦੇ ਹਨ । ਚਾਰੇ ਲਈ ਮੱਕੀ ਵੀ ਬੀਜ ਸਕਦੇ ਹਨ । ਬਰਸੀਮ ਲਈ ਖੇਤ ਤਿਆਰ ਕਰਕੇ ਅਖੀਰਲੇ ਹਫਤੇ ਇਸ ਦੀ ਬਿਜਾਈ ਕਰ ਸਕਦੇ ਹਨ । ਵਣ ਖੇਤੀ ਲਈ ਸਫੈਦਾ ਤੇ ਪਾਪੂਲਰ ਲਗਾਉਣ ਲਈ ਵੀ ਇਹ ਢੁੱਕਵਾਂ ਸਮਾਂ ਹੈ । ਤੋਰੀਆ ਬੀਜਣ ਲਈ ਵੀ ਇਹ ਮਹੀਨਾ ਵਧੀਆ ਮੰਨਿਆ ਗਿਆ ਹੈ । ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬੀਜ ਕਿਆਰੀਆਂ ਜਾਂ ਮਿੱਟੀ ਦੇ ਗਮਲਿਆਂ ਵਿੱਚ ਬੀਜੇ ਜਾ ਸਕਦੇ ਹਨ । ਲਾਅਨਾਂ ਵਿੱਚ ਅੱਧਾ ਕਿਲੋ ਯੂਰੀਆ ਪ੍ਰਤੀ 1000 ਵਰਗ ਫੁੱਟ ਪਾ ਦੇਣਾ ਚਾਹੀਦਾ ਹੈ । ਜ਼ਿਆਦਾ ਫੈਲੇ ਰੁੱਖ ਅਤੇ ਸਜਾਵਟੀ ਬੂਟਿਆਂ, ਵੇਲਾਂ ਦੀ ਕਾਂਟ-ਛਾਂਟ ਕਰਕੇ ਦਿਲਕਸ਼ ਆਕਾਰ ਦੇ ਦੇਣਾ ਚਾਹੀਦਾ ਹੈ । ਕਿਸਾਨਾਂ ਲਈ ਸਤੰਬਰ ਦਾ ਮਹੀਨਾ ਰੁਝੇਵਿਆਂ ਦਾ ਸਮਾਂ ਮੰਨਿਆ ਗਿਆ ਹੈ ।

ਇਸ ਸਾਲ ਮੌਸਮ ਕੁਝ ਬੱਦਲਵਾਈ ਵਾਲਾ, ਥੋੜ੍ਹੇ ਵਕਫੇ ਤੋਂ ਬਾਅਦ ਮੀਂਹ ਪੈਣ ਕਾਰਨ ਝੋਨੇ ਅਤੇ ਬਾਸਮਤੀ 'ਤੇ ਬਿਮਾਰੀਆਂ ਵੀ ਆਈਆਂ ਹਨ ਅਤੇ ਕਿਸਾਨਾਂ ਨੂੰ ਇਹ ਫ਼ਸਲ ਹੜ੍ਹਾਂ ਕਾਰਨ ਰੀ-ਟ੍ਰਾਂਸਪਲਾਂਟ ਵੀ ਕਰਨੀ ਪਈ ਹੈ । 'ਬਕਾਨੇ' ਦੀ ਬਿਮਾਰੀ ਵੀ ਆਈ ਹੈ, ਜਿਸ ਤੋਂ ਕੇਵਲ ਬੀਜ ਨੂੰ ਕਾਰਬੈਂਡਾਜ਼ਮ (ਬਾਵਿਸਟਨ) ਅਤੇ ਸਟਰੈਪਟੋਸਾਈਕਲੀਨ ਦੇ ਘੋਲ ਨਾਲ ਸੋਧਿਆ ਅਤੇ ਪਨੀਰੀ ਨੂੰ ਲਗਾਉਣ ਤੋਂ ਪਹਿਲਾਂ ਇਸ ਦੀਆਂ ਜੜ੍ਹਾਂ ਨੂੰ ਇਨ੍ਹਾਂ ਦੋਵੇਂ ਦਵਾਈਆਂ ਦੇ ਘੋਲ ਵਿੱਚ ਭਿਉਂ ਕੇ ਰੱਖਿਆਂ ਹੀ ਕੁਝ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ । ਪਰ ਕੁਝ ਕਿਸਾਨਾਂ ਨੇ ਅਜਿਹਾ ਨਹੀਂ ਕੀਤਾ ਜਾਂ ਉਨ੍ਹਾਂ ਨੂੰ ਬੀਜ ਅਤੇ ਪਨੀਰੀ ਸੋਧਣ ਲਈ ਸ਼ੁੱਧ ਤੇ ਪੂਰੀ ਤਾਕਤ ਵਾਲੀ ਦਵਾਈ ਨਹੀਂ ਮਿਲੀ । ਉਨ੍ਹਾਂ ਖੇਤਾਂ 'ਤੇ ਇਹ ਬਿਮਾਰੀ ਵਧੇਰੇ ਆਈ ਹੈ । ਪੈਰ ਗਲ੍ਹਣ ਵਾਲੀ ਬਿਮਾਰੀ ਵੀ ਕਈ ਖੇਤਾਂ ਵਿੱਚ ਦੇਖੀ ਗਈ ਹੈ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਵੀ ਹੋਇਆ ਹੈ । ਭੂਰੇ ਪਿੱਠ ਵਾਲੇ ਟਿੱਡੇ ਅਤੇ ਤੇਲੇ ਦੀ ਰੋਕਥਾਮ ਲਈ 'ਇਮੇਜ਼ਿਨ' ਜਾਂ 'ਓਸ਼ੀਨ' ਜਾਂ 'ਚੈੱਸ' ਦਾ ਪ੍ਰਯੋਗ ਸਿਫਾਰਿਸ਼ ਕੀਤਾ ਗਿਆ ਹੈ । ਬਾਸਮਤੀ ਦਾ ਰਕਬਾ ਪੰਜਾਬ ਵਿੱਚ ਵੱਧ ਕੇ 20 ਪ੍ਰਤੀਸ਼ਤ 6 ਲੱਖ ਹੈਕਟੇਅਰ 'ਤੇ ਪਹੁੰਚ ਗਿਆ ਹੈ । ਜਿਨ੍ਹਾਂ ਕਿਸਾਨਾਂ ਨੇ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਪੂਸਾ ਬਾਸਮਤੀ-1509 ਜਾਂ ਪੂਸਾ ਬਾਸਮਤੀ-1692 ਕਿਸਮਾਂ ਲਗਾਈਆਂ ਹਨ, ਉਨ੍ਹਾਂ ਨੂੰ ਮੰਡੀ ਵਿੱਚ ਬੜਾ ਵਧੀਆ ਭਾਅ 3500 ਰੁਪਏ ਪ੍ਰਤੀ ਕੁਇੰਟਲ ਤੱਕ ਮਿਲ ਰਿਹਾ ਹੈ । ਉਹ ਬਹੁਤ ਖੁਸ਼ ਹਨ, ਪਰ ਉਹ ਉਦਾਸ ਵੀ ਹਨ ਕਿ ਭਾਰਤ ਸਰਕਾਰ ਵੱਲੋਂ ਜੋ ਘੱਟੋ-ਘੱਟ ਐਕਸਪੋਰਟ ਕੀਮਤ 1200 ਡਾਲਰ ਪ੍ਰਤੀ ਟਨ ਦੀ ਬਾਸਮਤੀ ਬਰਾਮਦ ਕਰਨ ਲਈ ਸ਼ਰਤ ਲਗਾ ਦਿੱਤੀ ਗਈ ਹੈ, ਉਸ ਦੇ ਮੱਦੇਨਜ਼ਰ ਕਿਤੇ ਬਾਸਮਤੀ ਦਾ ਮੰਡੀ ਵਿੱਚ ਭਾਅ ਥੱਲੇ ਨਾ ਆ ਜਾਵੇ । ਅਜੇ ਬਾਸਮਤੀ ਦੀਆਂ ਬਹੁਤੀਆਂ ਕਿਸਮਾਂ ਜਿਵੇਂ ਪੂਸਾ ਬਾਸਮਤੀ-1121, ਪੂਸਾ ਬਾਸਮਤੀ-1718, ਪੂਸਾ ਬਾਸਮਤੀ-1885, ਪੂਸਾ ਬਾਸਮਤੀ-1886 ਆਦਿ ਦੀ ਕਟਾਈ ਹੋਣੀ ਹੈ ਅਤੇ ਇਨ੍ਹਾਂ ਦੀ ਪੈਦਾਵਾਰ ਅਜੇ ਮੰਡੀ ਵਿੱਚ ਵਿਕਣ ਲਈ ਆਉਣੀ ਹੈ । ਕਿਸਾਨਾਂ ਅਤੇ ਬਰਾਮਦਕਾਰਾਂ ਵੱਲੋਂ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਘੱਟੋ-ਘੱਟ ਐਕਸਪੋਰਟ ਲਈ ਮੁਕੱਰਰ ਕੀਤੀ ਗਈ ਕੀਮਤ 'ਤੇ ਨਜ਼ਰਸਾਨੀ ਕਰਕੇ ਇਸ ਨੂੰ ਘਟਾਇਆ ਜਾਵੇ ਤਾਂ ਕਿ ਕਿਸਾਨਾਂ ਦਾ ਨੁਕਸਾਨ ਨਾ ਹੋਵੇ ।

**ਸੰਤਰਾ, ਕਿੰਨੂ, ਮਾਲਟਾ ਅਤੇ ਹੋਰ ਨਿੰਬੂ ਜਾਤੀ ਆਦਿ ਫਲਾਂ ਦੀ ਬਾਗਬਾਨੀ, ਕਿਸਾਨ ਵੀਰ ਬਹੁਤ ਕਰਦੇ ਹਨ, ਪਰ ਇਨ੍ਹਾਂ ਫਲਦਾਰ ਬੂਟਿਆਂ ਨੂੰ ਸਾਰਾ ਸਾਲ ਕਈਂ ਕਿਸਮਾਂ ਦੇ ਮੁੱਖ ਰੋਗ, ਜਿਵੇਂ ਕਿ ਕੋਹੜ ਰੋਗ, ਡਾਈਬੈਕ, ਸਕੇਬ ਰੋਗ, ਗੋਂਦ ਕਿਰਨ ਦਾ ਰੋਗ, ਕਾਲੀ ਉੱਲੀ, ਫੁੱਲਾਂ ਦਾ ਕਿਰਣਾ ਅਤੇ ਤਿਆਰ ਫਲਾਂ ਦਾ ਗਲਣਾ। ਡਿਗਣਾ ਅਤੇ ਹਰਿਆਲੀ ਰੋਗ (ਗਰੀਨਿੰਗ ਬਿਮਾਰੀ (ਵਿਸ਼ਾਣੂੰ ਰਾਹੀਂ) ਆਦਿ ਹਨ। ਇਨ੍ਹਾਂ ਉਪਰੋਕਤ ਰੋਗਾਂ ਦੀ ਰੋਕਥਾਮ ਕਿਵੇਂ ਕਰੀਏ, ਇਸ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਆਸ ਹੈ ਤੁਸੀਂ ਇਨ੍ਹਾਂ ਦੀ ਪ੍ਰਬੰਧਕੀ ਕਿਰਿਆਵਾਂ ਰਾਹੀਂ ਸਮੇਂ ਅਪਣਾ ਕੇ ਉਪਰੋਕਤ ਫਲਾਂ ਦੀ ਤੰਦਰੁਸਤ ਮੰਡੀਕਰਨ ਕਰਕੇ ਆਪਣੀ ਮੇਹਨਤ ਦਾ ਵਾਜਿਬ ਮੁੱਲ ਲੈ ਕੇ ਆਮਦਨ ਵਧਾਉ।**

# ਸੰਤਰਾ, ਕਿੰਨੂ, ਮਾਲਟਾ, ਨਿੰਬੂ ਜਾਤੀ ਫਲਾਂ ਦੇ ਰੋਗਾਂ ਦੀ ਰੋਕਥਾਮ

**ਡੀ ਡੀ ਨਾਰੰਗ,**
ਸਾਬਕਾ ਕੀਟ ਵਿਗਿਆਨੀ,
ਪੀ.ਏ.ਯੂ., ਲੁਧਿਆਣਾ
(ਮੋ. 94647-20231)

**1. ਕੋਹੜ (ਕੈਂਕਰ ਰੋਗ) :** ਇਹ ਰੋਗ ਨਿੰਬੂ ਜਾਤੀ ਫਲਾਂ ਦੇ ਇਲਕਿਆਂ ਵਿੱਚ ਆਮ ਹੁੰਦਾ ਹੈ। ਇਹ ਰੋਗ ਸੁਰੰਗੀ ਕੀੜੇ ਦੇ ਹਮਲੇ ਵਜੋਂ ਫੈਲਦਾ ਹੈ। ਕੈਂਕਰ ਦਾ ਦਾਗ ਇਕ ਛੋਟੇ ਪਿੰਨ ਪੋਆਇੰਟ (ਸਪੌਟ) ਤੋਂ ਸ਼ੁਰੂ ਹੁੰਦਾ ਹੈ ਅਤੇ ਬਾਅਦ ਵਿਚ 2-10 ਮਿਮੀ. ਡਾਇਆਮੀਟਰ ਦਾ ਹੋ ਜਾਂਦਾ ਹੈ। ਇਸ ਦੇ ਦਾਗ ਸ਼ੁਰੂ ਵਿੱਚ ਗੋਲ ਅਤੇ ਬਾਅਦ ਵਿੱਚ ਟੇਢੇ ਮੇਢੇ ਹੋ ਜਾਂਦੇ ਹਨ। ਪੱਤਿਆਂ ਦੇ ਕਿਨਾਰੇ ਜਾਂ ਸਿਰਿਆਂ ਤੇ ਪੈ ਜਾਂਦੇ ਹਨ। ਸੱਤ ਦਿਨਾਂ ਦੇ ਅੰਦਰ ਪੱਤਿਆਂ ਦੇ ਹੇਠਲੇ ਪਾਸੇ ਵਿਖਾਈ ਦਿੰਦੇ ਹਨ ਅਤੇ ਬਾਅਦ ਵਿੱਚ ਉੱਪਰਲੀ ਸਤਹਿ 'ਤੇ ਵੀ ਵਿਖਾਈ ਦਿੰਦੇ ਹਨ।



ਇਸ ਦੀ ਮੁੱਖ ਨਿਸ਼ਾਨੀ ਇਹ ਹੈ ਕਿ ਧੱਬੇ ਦੇ ਆਲੇ ਦੁਆਲੇ ਪੀਲਾ ਨਿਸ਼ਾਨ ਆਮ ਵਿਖਾਈ ਦਿੰਦਾ ਹੈ। ਛੋਟੇ ਧੱਬੇ ਉੱਭਰੇ ਹੋਏ ਪੱਤਿਆਂ ਦੇ ਹੇਠਲੇ ਪਾਸੇ ਵਿਖਾਈ ਦਿੰਦੇ ਹਨ। ਇਸ ਦੇ ਧੱਬੇ ਫਲਾਂ ਅਤੇ ਤਨਿਆਂ ਤੇ 1 ਤੋਂ 3 ਮਿ. ਮੀ. ਡੂੰਘੇ ਹੁੰਦੇ ਹਨ।

**2. ਗਰੀਨਿੰਗ ਬਿਮਾਰੀ (ਪੱਤਿਆਂ ਦੀਆਂ ਨਾੜੀਆਂ ਦਾ ਹਰਿਆਲੀ ਰੋਗ) : (ਕੈਂਡੀਡਾਟਸ ਲਿੱਬਰੀਬੈਕਟਰ ਐਸ਼ੀਐਟੀਕਸ)** : ਇਸ ਦੇ ਹਮਲੇ ਦੇ ਕਾਰਨ ਪੱਤੇ ਛੋਟੇ, ਸਿੱਧੇ ਅਤੇ ਪੱਤੇ ਦੀਆਂ ਨਾੜਾਂ ਹਰੀਆਂ ਅਤੇ ਨਾੜੀਆਂ ਦੇ ਵਿਚਕਾਰਲਾ ਹਿੱਸਾ ਚਿੱਟਾ/ਪੀਲਾ ਹਰਾ ਨਮੂਨੇ ਵਾਲਾ ਹੁੰਦਾ ਹੈ। ਪੱਤੇ ਦੀ ਮੋਟਲਿੰਗ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ, ਗਰੀਨਿੰਗ ਰੋਗ ਹੈ। ਬਹੁਤ ਜ਼ਿਆਦਾ ਹਮਲਾ ਹੋਣ ਨਾਲ ਪੱਤੇ ਖਿੱਲਰੇ ਹੋਏ ਗਹਿਰੇ ਹਰੇ islands ਟਾਪੂ ਵਿਖਾਈ ਦਿੰਦੇ ਹਨ। ਇਹੋ ਜਿਹੇ ਨਿਸ਼ਾਨ ਪੱਤਿਆਂ ਦੀਆਂ ਝੁੰਡ ਵਿੱਚ ਜਾਂ ਸ਼ਾਖ ਤੇ ਛੋਟੀ ਟਹਿਣੀ ਤੇ ਵਿਖਾਈ ਦਿੰਦੇ ਹਨ। ਰੋਗੀ ਫਲ ਛੋਟੇ, ਟੇਢੇ ਮੇਢੇ ਅਤੇ ਅੱਧ ਪੱਕੇ ਕਿਰ ਪੈਂਦੇ ਹਨ। ਬਾਕੀ ਦੇ ਫਲਾਂ ਦਾ ਰੰਗ ਫਿੱਕਾ ਪੈ ਜਾਂਦਾ ਹੈ। ਫਲਾਂ ਦਾ ਨਿਚਲਾ ਹਿੱਸਾ ਹਰਾ ਰਹਿ ਜਾਂਦਾ ਹੈ। ਜਿਸ ਕਰਕੇ ਗਰੀਨਿੰਗ ਰੋਗ ਦਾ ਨਾਂ ਦਿੱਤਾ ਗਿਆ ਹੈ। ਗਰੀਨਿੰਗ ਰੋਗ, ਸਿਟਰਸ ਸਿੱਲਾ ਰਾਹੀਂ ਰੋਗ ਬੱਡ ਵਰਡਸ ਨੂੰ ਚੂਸਣ ਕਰਕੇ ਫੈਲਦੀ ਹੈ। ਛੋਟੇ ਸਿੱਲੇ ਕੀੜੇ ਦੇ ਬੱਚਿਆਂ ਵਿੱਚ ਰੋਗੀ ਜੀਵਾਣੂ ਜਮ੍ਹਾਂ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਜਵਾਨ ਸਿੱਲਾ ਕੀੜੇ ਵਿੱਚ ਪਹੁੰਚ ਜਾਂਦੇ ਹਨ।

**ਪ੍ਰਬੰਧਕੀ ਕਿਰਿਆਵਾਂ ਰਾਹੀਂ ਹਰਿਆਲੀ ਰੋਗ (ਗਰੀਨਿੰਗ ਬਿਮਾਰੀ) ਦੀ ਰੋਕਥਾਮ :**

1. ਇਸ ਬਿਮਾਰੀ ਦਾ ਖਾਸ ਪੱਕਾ ਪ੍ਰਬੰਧ ਇਹ ਹੋ ਸਕਦਾ ਹੈ ਕਿ ਨਿਕਾਰਾ ਅਤੇ ਰੋਗੀ ਦਰਖਤਾਂ ਨੂੰ ਪੁੱਟ ਕੇ ਉਨ੍ਹਾਂ ਦੀ ਥਾਂਵਾਂ ਤੇ ਵਿਸ਼ਾਣੂ ਰੋਗ ਰਹਿਤ ਬੱਡਡ ਤਿਆਰ ਕੀਤੇ, ਬੂਟੇ ਜੋ ਚੰਗੇ ਰੂਟਸਟਾਕ ਜਿਨ੍ਹਾਂ ਦੀ ਠੀਕ ਇੰਡੈਕਸਿੰਗ ਪ੍ਰੋਗਰਾਮ ਰਾਹੀਂ ਕੀਤੀ ਹੋਵੇ, ਉਨ੍ਹਾਂ ਨਵੇਂ ਦਰਖਤਾਂ ਦੀ ਰੁਪਾਈ ਕੀਤੀ ਜਾਵੇ।

2. ਕੁਆਰਨ-ਟਾਈਨ ਢੰਗਾਂ ਰਾਹੀਂ ਬਿਮਾਰੀ ਬੱਡ ਵੁੱਡ ਜਾਂ ਪੌਦ ਸ਼ਾਲਾ ਦੇ ਸਟਾਕ ਦੀ ਵੇਚ ਅਤੇ ਆਵਾਜਾਈ ਤੋਂ ਰੋਕਿਆ ਜਾਵੇ।

3. ਫਲਾਂ ਦੀ ਨਰਸਰੀਆਂ ਦਾ ਰਜਿਸਟਰਡ (ਪੰਜੀਕਰਨ) : ਰੋਗ ਰਹਿਤ ਸਰਟੀਫਿਕੇਸ਼ਨ ਸਕੀਮ ਰਾਹੀਂ ਇਸ ਵਿਸ਼ਾਣੂ ਰੋਗ ਦਾ ਹੋਰ ਫੈਲਾਅ ਰੋਕਿਆ ਜਾਵੇ।

4. ਗਰੀਨਿੰਗ ਰੋਗ ਦਾ ਵਾਧਾ ਤੇਜ਼ੀ ਨਾਲ ਸਿਟਰਸ ਸਿੱਲਾ ਕੀੜੇ ਰਾਹੀਂ ਵੀ ਹੁੰਦਾ ਹੈ। ਸੋ ਇਸ ਕੀੜੇ ਦੀ ਸਿਫਾਰਸ਼ ਦਵਾਈਆਂ ਦਾ ਛਿੜਕਾਅ ਕਰ ਕੇ ਸਮੇਂ ਸਿਰ ਰੋਕਥਾਮ ਜ਼ਰੂਰ ਕਰੋ।

**3. ਸਿਟਰਸ ਡਾਈਬੈਕ (Die-back) :** ਡਾਈਬੈਕ ਦਾ ਮਤਲਬ 'ਪੌਦੇ ਦਾ ਮਰਨਾ' ਉੱਪਰ ਤੋਂ ਨੀਵੇਂ ਪਾਸੇ ਸੁੱਕਣੇ ਦਾ ਰੋਗ ਦੇ ਕਈਂ ਕਾਰਨ ਹੁੰਦੇ ਹਨ ਜਿਵੇਂ ਕਿ ਰੋਗਾਣੂ, ਕੀੜੇ ਦਾ ਹਮਲਾ, ਤੱਤਾਂ ਦੀ ਘਾਟ, ਢੁੱਕਵਾਂ ਮੌਸਮ ਦਾ ਨਾ ਹੋਣਾ, ਗਲਤ ਕਾਸ਼ਤ ਅਤੇ ਕਿਰਿਆਵਾਂ, ਮਾੜੇ/ਰੋਗੀ ਪੌਦਿਆਂ material ਦੀ ਚੋਣ।

ਇਸ ਦੀਆਂ ਮੁੱਖ ਨਿਸ਼ਾਨੀਆਂ, ਛੋਟੀਆਂ ਜੜ੍ਹਾਂ ਦਾ ਗੱਲਣਾ, ਤਣੇ ਦੀ ਛਾਲਾਂ ਵਿੱਚ ਗਾਰਡਲਿੰਗ ਦਾ ਹੋਣਾ, ਮੁਰਝਾਣਾ ਅਤੇ ਪੱਤਿਆਂ ਦਾ ਝੁਲਸਣਾ ਆਦਿ। ਇਹ ਰੋਗ ਪਹਿਲਾਂ ਸ਼ਾਖਾਵਾਂ ਦੇ ਸਿਰਿਆਂ ਤੋਂ ਆਰੰਭ ਹੁੰਦਾ ਹੈ ਅਤੇ ਢੁੱਕਵੇਂ ਵਾਤਾਵਰਣ ਵਿੱਚ ਬੜੀ ਤੇਜ਼ੀ ਨਾਲ ਸ਼ਾਖਾਂਵਾਂ ਦੇ ਹੇਠਲੇ ਭਾਗਾਂ ਵਿੱਚ ਪਹੁੰਚ ਜਾਂਦਾ ਹੈ, ਜਿਸ ਵਜੋਂ ਪੌਦੇ ਮੁਰਝਾ ਕੇ ਮਰ ਜਾਂਦੇ ਹਨ। ਰੋਗੀ ਬੂਟਿਆਂ ਨੂੰ ਫੁੱਲ ਲੱਗਦੇ ਹਨ ਅਤੇ ਬਹੁਤ ਘੱਟ ਫਲ ਲੱਗਦੇ ਹਨ ਜੋ ਬਾਅਦ ਵਿੱਚ ਹਲਕੀ ਭੂਰਾ ਸਾੜਾ ਲਗ ਜਾਂਦਾ ਹੈ ਅਤੇ ਬਹੁਤ ਜ਼ਿਆਦਾ ਫਲ ਕਿਰ ਜਾਂਦੇ ਹਨ, ਤਨਿਆਂ ਦੀ ਛਾਲ ਕਾਲੀ ਪੈ ਕੇ ਆਸਾਨੀ ਨਾਲ ਖਿਸਕ ਕੇ ਟੁੱਟ ਭੱਜ ਜਾਂਦੀ ਹੈ।

**4. ਕਿੰਨੂ ਦਾ ਸਕੈਬ ਰੋਗ** : ਇਹ ਰੋਗ ਦਾ ਹਮਲਾ ਫਲ, ਪੱਤੇ ਅਤੇ ਸ਼ਾਖਾਵਾਂ ਤੇ ਹੁੰਦਾ ਹੈ। ਜਿਸ ਨਾਲ ਕੁੱਝ ਉੱਭਰੇ, ਟੇਢੇ ਮੇਢੇ ਹੋ ਜਾਂਦੇ ਹਨ। ਇਹ ਆਮ ਤੌਰ ਤੇ ਸਲੇਟੀ ਜਾਂ ਗੁਲਾਬੀ ਹੁੰਦੀ ਹੈ ਅਤੇ ਫਿਰ ਉਮਰ ਨਾਲ ਕਾਲੀ ਹੋ ਜਾਂਦੀ ਹੈ। ਇਹ ਫਲਾਂ ਤੇ ਜ਼ਿਆਦਾ ਅਤੇ ਪੱਤਿਆਂ ਤੇ ਘੱਟ ਹੁੰਦੀ ਹੈ। ਇਸ ਦੀਆਂ ਨਿਸ਼ਾਨੀਆਂ ਸਿਟਰਸ ਕੈਂਕਰ ਨਾਲ ਮਿਲਦੀਆਂ ਜੁਲਦੀਆਂ ਹੈ ਜਾਂ ਤੇਜ਼ ਹਵਾਵਾਂ ਦੀ ਰਗੜ ਕਾਰਨ ਸਮਝਿਆ ਜਾਂਦਾ ਹੈ। ਇਸ ਉੱਲੀ ਦੀ ਬੀਜਣੂ ਨਵੇਂ ਫਲਾਂ/ਪੱਤਿਆਂ ਤੇ ਤੇਜ਼ੀ ਨਾਲ ਵੱਧਦੇ ਫੁੱਲਦੇ ਅਤੇ ਫੈਲਦੇ ਹਨ। ਬਾਰਸ਼ ਨਾਲ ਜਾਂ ਵਾਧੂ ਸਿੰਚਾਈ ਜਾਂ ਛਿੜਕਾਅ ਸਮੇਂ ਇਸ ਦੇ ਜੀਵਾਣੂ ਚਾਰੋਂ ਤਰਫ ਤੇਜ਼ੀ ਨਾਲ ਫੈਲਦੇ ਹਨ। ਧੁੰਦ ਦੀ ਪਾਣੀ ਦੀਆਂ ਬੂੰਦਾਂ ਵੀ ਇਸ ਰੋਗ ਨੂੰ ਫੈਲਾਉਣ ਵਿੱਚ ਮਦਦ ਕਰਦੀ ਹੈ।

**5. ਗੌਂਦ ਕਿਰਨ ਦਾ ਰੋਗ (ਫਾਈਟੋਪਥੋਰਾ ਰੋਗ) :** ਇਹ ਉੱਲੀ ਦੇ ਹਮਲੇ ਵਜੋਂ ਦਰੱਖਤਾਂ ਦੀ ਛਿੱਲ ਤੋਂ ਗੂੰਦ ਲਗਾਤਾਰ ਨਿਕਲਦੀ ਹੈ। ਰੋਗੀ ਛਾਲ ਕਾਲੀ ਭੂਰੀ ਪੈ ਕੇ ਲੰਬਾਈ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਲੱਕੜੀ ਦੇ ਅੰਦਰਲੇ ਤੰਤੂ ਵੀ ਰੋਗੀ ਹੋ ਜਾਂਦੇ ਹਨ। ਜ਼ਿਆਦਾ ਨੁਕਸਾਨ ਤੇ ਛਿੱਲ ਗਲ ਜਾਂਦੀ ਹੈ ਅਤੇ ਦਰਖਤ ਵੀ ਸੁੱਕ ਜਾਂਦੇ ਹਨ। ਇਸ ਰੋਗ ਦੇ ਫੈਲਾਅ ਦੇ ਕਈ ਕਾਰਨ ਹਨ ਜਿਵੇਂ ਕਿ ਮੀਂਹ ਰਾਹੀਂ, ਭਾਰੀ ਸੇਮ ਵਾਲੀਆਂ ਜ਼ਮੀਨਾਂ, ਵਾਧੂ ਸਿੰਚਾਈ ਕਰਨ ਜਾਂ ਪਾਣੀ ਦਾ ਦਰਖਤਾਂ ਦੇ ਤਣੇ ਨਾਲ ਸੰਪਰਕ ਜਾਂ ਗਿੱਲ੍ਹੀ ਧਰਤੀ, ਡੂੰਘੀ ਰੁਪਾਈ ਅਤੇ ਤਣੇ ਅਤੇ ਟਾਹਣੀਆਂ ਤੇ ਜ਼ਖਮ ਆਦਿ ਹਨ। ਇਸ ਰੋਗ ਦਾ ਮੁੱਖ ਕਾਰਨ ਬਿਮਾਰ ਪੌਦਿਆਂ ਦੀ ਨਰਸਰੀ ਦੇ ਰੋਗੀ ਬੂਟਿਆਂ ਦੀ ਬਾਗਾਂ ਵਿੱਚ ਰੁਪਾਈ ਸਮੇਂ, ਇਸ ਉੱਲੀ ਦੇ ਜੀਵਾਣੂ ਜ਼ਮੀਨ ਵਿੱਚ ਹੋਣ ਜਾਂ ਰੋਗੀ ਜੜ੍ਹਾਂ ਦਾ ਹੋਣਾ ਆਦਿ। ਖੇਤੀ ਦੇ ਸੰਦ, ਗੱਡੀਆਂ ਦੀ ਆਵਾਜਾਈ ਜਾਂ ਭਰਵੀਂ ਸਿੰਚਾਈ ਰਾਹੀਂ ਜੀਵਾਂਣੂ ਇਕ ਥਾਂ ਤੋਂ ਦੂਜੀ, ਥਾਂਵਾਂ ਤੇ ਪਹੁੰਚ ਜਾਂਦੇ ਹਨ। ਭਾਰੀ ਵਰਖਾ ਦੇ ਪਾਣੀ ਰਾਹੀਂ ਰੋਗੀ ਜੀਵਾਣੂ ਸਾਰੇ ਬਾਗਾਂ ਦੇ ਖੇਤਾਂ ਵਿੱਚ ਫੈਲ ਜਾਂਦੇ ਹਨ।

**ਫਾਈਟੋਪਥੋਰਾ ਰੋਗ ਦਾ ਪ੍ਰਬੰਧ :**

★ **ਤਣੇ ਨੂੰ ਪੇਂਟ ਕਰਨਾ** : ਰੋਗੀ ਛਾਲ ਨੂੰ ਕੁਝ ਹਰੀ ਛਾਲ ਸਮੇਤ ਤਣਾ, ਮੁੱਖ ਸ਼ਾਖਾਵਾਂ ਅਤੇ ਟਹਿਣੀਆਂ ਤੋਂ ਖੁਰਚ ਕੇ, ਪੁੱਟ ਦਿਓ ਅਤੇ ਸਾੜ ਦਿਓ। ਕੋਈ ਵੀ ਰੋਗੀ ਹਿੱਸਾ ਧਰਤੀ ਤੇ ਨਾ ਕਿਰੇ।



ਇਸ ਤੋਂ ਬਾਅਦ ਰਿਡੋਮਿਲ ਗੋਲਡ ਦੀ ਪੇਂਟ ਦੀ 2 ਗ੍ਰਾਮ ਦਵਾਈ ਨੂੰ 100 ਮਿ. ਲਿ. ਅਲਸੀ ਦੇ ਤੇਲ ਵਿੱਚ ਘੋਲ ਲਵੋ। ਇਸ ਨੂੰ ਪੇਂਟ ਬੁਰਸ਼ ਨਾਲ ਖੁਰਚੀ ਹੋਈ ਥਾਵਾਂ ਤੇ ਚੰਗੀ ਤਰ੍ਹਾਂ ਪੇਂਟ ਕਰੋ। ਖਾਸ ਤੌਰ ਤੇ ਫਰਵਰੀ, ਮਾਰਚ ਅਤੇ ਜੁਲਾਈ-ਅਕਤੂਬਰ ਵਿੱਚ ਸਾਲ ਵਿੱਚ ਦੋ ਵਾਰੀ ਜ਼ਰੂਰੀ ਕਰੋ।

★ **ਧਰਤੀ ਨੂੰ ਗਚੋਗਾਚਰ ਕਰਨਾ** : ਰਿਡੋਮਿਲ ਗੋਲਡ ਦਾ ਘੋਲ 25 ਗ੍ਰਾਮ / ਦਰਖਤ, ਦਸ ਲਿਟਰ ਪਾਣੀ ਵਿੱਚ ਘੋਲੋ। ਫਰਵਰੀ-ਮਾਰਚ ਅਤੇ ਜੁਲਾਈ-ਅਗਸਤ, ਸਾਲ ਵਿੱਚ ਰੋਗੀ ਤਣੇ ਦੀਆਂ ਜੜ੍ਹਾਂ ਨੂੰ ਚੰਗੀ ਤਰ੍ਹਾਂ ਗਚੋਗਚ ਕਰਦੇ ਰਹੋ। ਉੱਪਰ ਦੱਸੇ ਪੇਂਟ ਅਤੇ ਜੜ੍ਹਾਂ ਨੂੰ ਦਵਾਈ ਦੇ ਘੋਲ ਪਾਉਣ ਦਾ ਕੰਮ ਵੀ ਨਾਲੋਂ ਨਾਲ ਕਰਦੇ ਰਹੋ।

★ **ਪੱਤਿਆਂ ਤੇ ਛਿੜਕਾਅ** : ਐਲੀਏਟ 80 ਡਬਲਯੂ ਪੀ ਦਵਾਈ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਦਾ ਸਪਰੇਅ ਅਪ੍ਰੈਲ ਅਤੇ ਸਤੰਬਰ ਮਹੀਨਿਆਂ ਵਿੱਚ ਦੋ ਵਾਰ ਦਰੱਖਤਾਂ ਤੇ ਛਿੜਕਾਅ ਕਰੋ ਤਾਂ ਕਿ ਇਸ ਰੋਗ ਦੀ ਰੋਕਥਾਮ ਸਮੇਂ ਸਿਰ ਹੋ ਜਾਵੇ।

**ਨੋਟ** : ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਐਲੀਐਟ ਦਵਾਈ ਦਾ ਸਪਰੇਅ ਅਤੇ ਜੜ੍ਹਾਂ ਨੂੰ ਰਿਡੋਮਿਲ ਦਵਾਈ ਨਾਲ ਗਚੋਗਚ ਕਰਨ ਦਾ ਕੰਮ ਇਕੋ ਸਮੇਂ ਨਾਲੋ ਨਾਲ ਹੋਣਾ ਚਾਹੀਦਾ ਹੈ।

ਉਪਰੋਕਤ ਰੋਗਾਂ ਦੀ ਖਾਸ ਪ੍ਰਬੰਧਕੀ ਕਾਰਜਾਂ ਦਾ ਵੇਰਵਾ ਹੇਠ ਲਿਖਿਆ ਜਾ ਰਿਹਾ ਹੈ। ਲੋੜ ਅਨੁਸਾਰ ਆਪਣੇ ਨਿੰਬੂ ਜਾਤੀ ਆਦਿ ਫਲਾਂ ਦੇ ਰੋਗਾਂ ਤੋਂ ਬਚਾਅ ਕੀਤਾ ਜਾਵੇ।

1. ਕੋਹੜ (ਕੈਂਕਰ) ਅਤੇ ਸਕੈਬ ਰੋਗਾਂ ਦਾ ਪ੍ਰਬੰਧ ਕਰਨ ਲਈ ਛਿੜਕਾਅ ਦਾ ਮਿਸ਼ਰਣ ਜਿਵੇਂ ਕਿ ਸਟ੍ਰੈਪਸਾਈਕਲੀਨ ਇਕ ਗਰਾਮ + ਕਾਪਰ ਔਕਸੀਕਲੋਰਾਈਡ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਜ਼ਰੂਰ ਕਰੋ ਖਾਸ ਤੌਰ ਤੇ ਅਕਤੂਬਰ ਮਹੀਨੇ ਵਿੱਚ।

2. ਸਿਟਰਸ ਡਾਈਬੈਕ ਲਈ : 3 ਗ੍ਰਾਮ ਕੌਪਰ ਔਕਸੀਕਲੋਰਾਈਡ ਨੂੰ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਜਾਂ ਬੋਰਡੋ ਮਿਸ਼ਰਣ (2:2:250) ਦੀ ਵਰਤੋਂ ਕਰੋ।

3. ਜੇ ਕਾਲੀ ਉੱਲੀ ਦਾ ਹਮਲਾ ਹੋ ਜਾਵੇ ਤਾਂ ਜੀਰਮ 80 ਡਬਲਯੂ 25 ਮਿ.ਲਿ. ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਮਿਲਾ ਕੇ ਛਿੜਕਾਅ ਕਰੋ ਜਦੋਂ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੋ ਜਾਵੇ।

4. ਫਲ ਕਿਰਨ ਦੀ ਸਮੱਸਿਆ ਦਾ ਪ੍ਰਬੰਧ ਕਰਨ ਲਈ ਦਵਾਈਆਂ ਦਾ ਮਿਸ਼ਰਨ ਜਿਵੇਂ ਔਰਿਉਫਨਜਿਨ (0.4 ਗ੍ਰਾਮ) ਜਾਂ 10 ਗ੍ਰਾਮ ਬਾਵਿਸਟਨ + 0.1 ਗ੍ਰਾਮ 2-4 ਡੀ ਪ੍ਰਤੀ 10 ਲਿਟਰ ਪਾਣੀ ਮਿਲਾ ਕੇ ਸਪਰੇਅ ਕਰੋ।



# ਕਿਸਾਨਾਂ ਨੂੰ ਸੇਧ ਦਿੰਦਾ ਹੈ
# ਪਸ਼ੂ ਪਾਲਣ ਮੇਲਾ

ਡਾ. ਹਰਪ੍ਰੀਤ ਸਿੰਘ ਹੀਰੋ,
ਐਸੋਸੀਏਟ ਪ੍ਰੋਫੈਸਰ, ਸੰਚਾਰ
(ਮੋ. 98159-09003)

ਮੇਲੇ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਅੱਜ ਦੇ ਸਮੇਂ ਵਿੱਚ ਗਿਆਨ ਅਤੇ ਵਿਗਿਆਨ ਨੂੰ ਦਰਸਾਉਣ ਵਾਲੇ ਮੇਲੇ ਵੀ ਲਗਾਏ ਜਾਂਦੇ ਹਨ। ਇਸੇ ਸੰਦਰਭ ਵਿੱਚ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਲ ਵਿੱਚ ਦੋ ਵਾਰ ਮਾਰਚ ਅਤੇ ਸਤੰਬਰ ਦੇ ਮਹੀਨੇ 'ਪਸ਼ੂ ਪਾਲਣ ਮੇਲਾ' ਯੂਨੀਵਰਸਿਟੀ ਦੇ ਕੈਂਪਸ ਲੁਧਿਆਣਾ ਵਿਖੇ ਲਗਾਇਆ ਜਾਂਦਾ ਹੈ। ਸੰਨ 2006 ਵਿੱਚ ਸਥਾਪਿਤ ਹੋਈ ਇਹ ਯੂਨੀਵਰਸਿਟੀ ਪਸ਼ੂ ਪਾਲਣ ਕਿੱਤਿਆਂ ਸੰਬੰਧੀ ਬੜੇ ਸੁਚਾਰੂ ਤਰੀਕੇ ਨਾਲ ਪਸ਼ੂ-ਪਾਲਕਾਂ ਨੂੰ ਜਾਗਰੂਕ ਕਰ ਰਹੀ ਹੈ। ਇਹ ਯੂਨੀਵਰਸਿਟੀ ਦੇਸ਼ ਦੀਆਂ ਚੋਟੀ ਦੀਆਂ ਵੈਟਰਨਰੀ ਯੂਨੀਵਰਸਿਟੀਆਂ ਵਿੱਚ ਸ਼ੁਮਾਰ ਹੁੰਦੀ ਹੈ। ਇਸ ਯੂਨੀਵਰਸਿਟੀ ਵੱਲੋਂ ਸਤੰਬਰ ਦੇ ਮਹੀਨੇ ਵਿੱਚ ਇਹ ਮੇਲਾ 14 ਅਤੇ 15 ਤਰੀਕ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਪਸ਼ੂ-ਪਾਲਣ ਕਿੱਤਿਆਂ ਨਾਲ ਜੁੜੇ ਕਿਸਾਨਾਂ ਦੀ ਹਰ ਜ਼ਰੂਰਤ, ਮੁਸ਼ਕਿਲ ਅਤੇ ਜਗਿਆਸਾ ਦੇ ਹਲ ਲਈ ਭਿੰਨ-ਭਿੰਨ ਤਕਨੀਕਾਂ ਅਤੇ ਗਿਆਨ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਸ ਵਾਰ ਦੇ ਮੇਲੇ ਵਿੱਚ ਗਾਵਾਂ ਪਾਲਣ, ਮੁਰਗੀ ਪਾਲਣ ਅਤੇ ਗੁਣਵੱਤਾ ਭਰਪੂਰ ਉਤਪਾਦ ਤਿਆਰ ਕਰਨ ਦੇ ਖੇਤਰ ਵਿੱਚ ਜੇਤੂ ਪ੍ਰਗਤੀਸ਼ੀਲ ਕਿਸਾਨਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਏਗਾ। ਇਨ੍ਹਾਂ ਇਨਾਮਾਂ ਵਿੱਚ ਨਕਦ ਰਾਸ਼ੀ ਅਤੇ ਸਨਮਾਨ ਪੱਤਰ ਭੇਟ ਕੀਤੇ ਜਾਣਗੇ। ਯੂਨੀਵਰਸਿਟੀ ਦੇ ਉੱਤਮ ਪਸ਼ੂ ਜਿਨ੍ਹਾਂ ਵਿੱਚ ਮੱਝਾਂ, ਗਾਵਾਂ, ਬੱਕਰੀਆਂ, ਮੁਰਗੀਆਂ, ਬਟੇਰ, ਖਰਗੋਸ਼ ਅਤੇ ਮੱਛੀਆਂ ਦੀਆਂ ਵੱਖ-ਵੱਖ ਕਿਸਮਾਂ ਮੇਲੇ ਵਿੱਚ ਖਿੱਚ ਦਾ ਕੇਂਦਰ ਬਣਦੇ ਹਨ। ਪਸ਼ੂਆਂ ਦੇ ਵਧੀਆ ਨਸਲ ਦੇ ਬੱਚੇ ਲੈਣ ਪਸ਼ੂ-ਪਾਲਕਾਂ ਨੂੰ ਬਿਹਤਰ ਤਰੀਕਿਆਂ ਅਤੇ ਨਸਲ ਸੁਧਾਰ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਪਸ਼ੂਆਂ ਦੀ ਵਧੀਆ ਖੁਰਾਕ ਤਿਆਰ ਕਰਨ ਸੰਬੰਧੀ, ਧਾਤਾਂ ਦਾ ਚੂਰਾ ਅਤੇ ਪਸ਼ੂ ਚਾਟ ਬਣਾਉਣ ਲਈ ਪੂਰਨ ਸਮੱਗਰੀ ਬਾਰੇ ਚਾਨਣਾ ਪਾਇਆ ਜਾਂਦਾ ਹੈ। ਪਸ਼ੂਆਂ ਤੋਂ ਚੰਗੇ ਉਤਪਾਦਨ ਲਈ ਜਿਨ੍ਹਾਂ ਖੁਰਾਕੀ ਵਸਤਾਂ ਦਾ ਉਪਯੋਗ ਲਾਹੇਵੰਦ ਹੁੰਦਾ ਹੈ, ਉਸ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਇੱਥੇ ਪਸ਼ੂਆਂ ਦੀ ਜਾਂਚ ਕਰਨ ਤੋਂ ਇਲਾਵਾ ਉਨ੍ਹਾਂ ਦੇ ਗੋਹੇ, ਥੁੱਕ, ਖੂਨ ਅਤੇ ਪਿਸ਼ਾਬ ਦੀ ਜਾਂਚ ਵੀ ਕੀਤੀ ਜਾਂਦੀ ਹੈ। ਜਾਂਚ ਰਾਹੀਂ ਬਿਮਾਰੀ ਦਾ ਨਿਰੀਖਣ ਕਰਕੇ ਸਹੀ ਤੇ ਸਟੀਕ ਇਲਾਜ ਬਾਰੇ ਮਾਹਿਰ ਡਾਕਟਰ ਦਵਾਈ ਵੀ ਦੱਸਦੇ ਹਨ। ਪਸ਼ੂ-ਪਾਲਣ ਸੰਬੰਧੀ ਗਿਆਨ ਵਧਾਉਣ ਵਾਸਤੇ ਯੂਨੀਵਰਸਿਟੀ ਵੱਲੋਂ ਕਈ ਪੁਸਤਕਾਂ ਅਤੇ ਕਿਤਾਬਚੇ ਪ੍ਰਕਾਸ਼ਿਤ ਕੀਤੇ ਗਏ ਹਨ, ਜੋ ਕਿ ਸੌਖੀ ਪੰਜਾਬੀ ਵਿੱਚ ਅਤੇ ਘੱਟ ਕੀਮਤ 'ਤੇ ਇੱਥੇ ਉਪਲੱਬਧ ਹੋਣਗੇ। ਪਸ਼ੂਆਂ ਦੇ ਦੁੱਧ ਅਤੇ ਮੀਟ ਤੋਂ ਨਵੇਂ ਉਤਪਾਦ ਬਣਾ ਕੇ ਉਨ੍ਹਾਂ ਨੂੰ ਬਾਜ਼ਾਰ ਵਿੱਚ ਵੇਚਣ ਸੰਬੰਧੀ ਸਿਖਲਾਈ ਦੀ ਨੁਮਾਇਸ਼ ਵੀ ਲਗਾਈ ਜਾਂਦੀ ਹੈ। ਇਹ ਵਸਤਾਂ ਸੁਆਦ ਵੇਖਣ ਅਤੇ ਖਰੀਦਣ ਵਾਸਤੇ ਵੀ ਉਪਲੱਬਧ ਹੁੰਦੀਆਂ ਹਨ। ਪਸ਼ੂ-ਪਾਲਕ ਵੱਖੋ-ਵੱਖਰੇ ਕਿੱਤਿਆਂ ਸੰਬੰਧੀ ਸਿਖਲਾਈ ਲੈਣ ਲਈ ਮੇਲੇ ਵਿੱਚ ਆਪਣਾ ਨਾਂਅ ਵੀ ਦਰਜ ਕਰਵਾ ਸਕਦੇ ਹਨ। ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗ ਜਿਵੇਂ ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈਡ, ਮਾਰਕਫੈਡ ਅਤੇ ਪਸ਼ੂ-ਪਾਲਣ ਵਿਭਾਗਾਂ ਦੇ ਨੁਮਾਇੰਦੇ ਵੀ ਇੱਥੇ ਪਹੁੰਚਦੇ ਹਨ ਅਤੇ ਪਸ਼ੂ-ਪਾਲਕਾਂ ਨੂੰ ਸਰਕਾਰੀ ਸਕੀਮਾਂ ਅਤੇ ਸਬਸਿਡੀਆਂ ਬਾਰੇ ਜਾਗਰੂਕ ਕਰਦੇ ਹਨ। ਯੂਨੀਵਰਸਿਟੀ ਦੇ ਮਾਹਰਾਂ ਵੱਲੋਂ ਪਸ਼ੂ-ਪਾਲਕਾਂ ਦੀਆਂ ਮੁਸ਼ਕਿਲਾਂ ਅਤੇ ਜਗਿਆਸਾਵਾਂ ਸੰਬੰਧੀ ਇੱਕ ਸੁਆਲ-ਜੁਆਬ ਸੈਸ਼ਨ ਵੀ ਰੱਖਿਆ ਜਾਂਦਾ ਹੈ, ਜਿਸ ਵਿੱਚ ਪਸ਼ੂ-ਪਾਲਕ



ਆਪਣੀ ਕੋਈ ਵੀ ਸਮੱਸਿਆ ਦਾ ਹੱਲ ਪਤਾ ਕਰ ਸਕਦਾ ਹੈ।

ਪਸ਼ੂਆਂ ਦੇ ਇਲਾਜ ਅਤੇ ਖੁਰਾਕ ਨਾਲ ਜੁੜੀਆਂ ਕੰਪਨੀਆਂ ਆਪਣੀਆਂ ਦਵਾਈਆਂ ਅਤੇ ਉਤਪਾਦਾਂ ਦੀ ਨੁਮਾਇਸ਼ ਕਰਦੀਆਂ ਹਨ। ਪਸ਼ੂਆਂ ਦੀ ਫੀਡ ਦੇ ਨਿਰਮਾਤਾ, ਪਸ਼ੂ-ਪਾਲਣ ਧੰਦਿਆਂ ਦੀ ਮਸ਼ੀਨਰੀ ਬਣਾਉਣ ਵਾਲੇ, ਪਸ਼ੂ-ਚਾਰੇ ਦੇ ਬੀਜਾਂ ਵਾਲੇ, ਬੈਂਕ ਅਤੇ ਹੋਰ ਵਿੱਤੀ ਸੰਸਥਾਵਾਂ ਕਿਸਾਨਾਂ ਵਾਸਤੇ ਲਾਹੇਵੰਦ ਜਾਣਕਾਰੀ ਦਿੰਦੀਆਂ ਹਨ। ਇਹ ਦਵਾਈਆਂ ਅਤੇ ਉਤਪਾਦ ਇੱਥੇ ਪਸ਼ੂ-ਪਾਲਕਾਂ ਨੂੰ ਬਾਜ਼ਾਰ ਤੋਂ ਘੱਟ ਕੀਮਤ 'ਤੇ ਅਤੇ ਇੱਕੋ ਥਾਂ ਤੋਂ ਪ੍ਰਾਪਤ ਹੋ ਜਾਂਦੇ ਹਨ।

ਪਸ਼ੂ-ਪਾਲਣ ਮੇਲੇ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਹਰ ਉਮਰ ਵਰਗ ਦੇ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਰੁਚੀ ਦਾ ਕੁਝ ਨਾ ਕੁਝ ਜ਼ਰੂਰ ਪ੍ਰਦਾਨ ਕਰਦਾ ਹੈ। ਬੱਚਿਆਂ ਲਈ ਜਿੱਥੇ ਇੱਕ ਖੁੱਲ੍ਹਾ ਖੁਲਾਸਾ ਪੇਂਡੂ ਦਿੱਖ ਵਾਲਾ ਮਾਹੌਲ, ਉਨ੍ਹਾਂ ਨੂੰ ਨਵਾਂ ਸੁਆਦ ਦਿੰਦਾ ਹੈ, ਉੱਥੇ ਸਿਹਤਮੰਦ ਅਤੇ ਸੁੰਦਰ ਜਾਨਵਰ ਵੀ ਉਨ੍ਹਾਂ ਨੂੰ ਆਕਰਸ਼ਿਤ ਕਰਦੇ ਹਨ। ਘਰੇਲੂ ਸੁਆਣੀਆਂ ਕਈ ਤਰ੍ਹਾਂ ਦੇ ਪਕਵਾਨ ਅਤੇ ਪੀਣ ਵਾਲੇ ਪਦਾਰਥ ਬਣਾਉਣ ਲਈ ਤਕਨੀਕਾਂ ਸੰਬੰਧੀ ਗਿਆਨ ਹਾਸਿਲ ਕਰ ਸਕਦੀਆਂ ਹਨ। ਪਸ਼ੂ-ਪਾਲਣ ਮੇਲੇ ਦਾ ਮੁੱਖ ਉਦੇਸ਼ ਇਹ ਹੈ ਕਿ ਪਸ਼ੂ-ਪਾਲਣ ਕਿੱਤਿਆਂ ਨੂੰ ਵਿਗਿਆਨਕ ਨੁਕਤਿਆਂ ਰਾਹੀਂ ਸੀਮਿਤ ਖਰਚ ਨਾਲ ਅਤੇ ਸੁਚੱਜੇ ਤਰੀਕੇ ਨਾਲ ਕੀਤਾ ਜਾਏ। ਲੋਕਾਂ ਨੂੰ ਨਕਲੀ ਵਸਤਾਂ ਦੇ ਪ੍ਰਯੋਗ ਤੋਂ ਸਾਵਧਾਨ ਕੀਤਾ ਜਾਏ ਅਤੇ ਪਸ਼ੂਆਂ ਅਤੇ ਜਾਨਵਰਾਂ ਨੂੰ ਸੰਤੁਲਿਤ, ਪੌਸ਼ਟਿਕ ਅਤੇ ਸ਼ੁੱਧ ਖੁਰਾਕ ਪ੍ਰਾਪਤ ਹੋਏ।

# ਕਿਸਾਨ ਭਰਾਵਾਂ ਲਈ ਇਨ੍ਹਾਂ ਦਿਨਾਂ ਦੇ ਜ਼ਰੂਰੀ ਰੁਝੇਵੇਂ

**ਝੋਨਾ** : ਝੋਨੇ ਦੀ ਫ਼ਸਲ ਦੇ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਦੇ ਹਮਲੇ ਤੋਂ ਬਚਾਉਣ ਲਈ ਵੱਟਾਂ-ਬੰਨਿਆਂ ਨੂੰ ਸਾਫ ਰੱਖੋ। ਜੇਕਰ ਹਮਲਾ ਨਜ਼ਰ ਆਵੇ ਤਾਂ 150 ਮਿਲੀਲੀਟਰ ਪਲਸਰ ਜਾਂ 26.8 ਗ੍ਰਾਮ ਐਪਿਕ ਜਾਂ 80 ਗ੍ਰਾਮ ਨਟੀਵੋ ਜਾਂ 200



ਮਿਲੀਲੀਟਰ ਐਮੀਸਟਾਰ ਟੌਪ ਜਾਂ ਟਿਲਟ ਜਾਂ ਫੌਲੀਕਰ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਸਾਫ ਮੌਸਮ ਹੋਣ 'ਤੇ ਕਰੋ। ਬਾਸਮਤੀ ਦੀ ਫ਼ਸਲ ਵਿੱਚੋਂ ਝੰਡਾ ਰੋਗ ਨਾਲ ਪ੍ਰਭਾਵਿਤ ਬੂਟਿਆਂ ਨੂੰ ਪੁੱਟ ਕੇ ਦੱਬ ਦਿਓ। ਝੋਨੇ ਵਿੱਚ ਚੂਹਿਆਂ ਦੀ ਰੋਕਥਾਮ ਲਈ ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰ ਕਰੋ ਅਤੇ ਅਗਲੇ ਦਿਨ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਵਿੱਚ 10-10 ਗ੍ਰਾਮ ਜ਼ਿੰਕ ਫਾਸਫਾਈਡ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿੱਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ। ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਦਾ ਪਿੰਡ ਪੱਧਰ 'ਤੇ ਅਪਨਾਉਣਾ ਬਹੁਤ ਜ਼ਰੂਰੀ ਹੈ।

**ਨਰਮਾ** : ਫੁੱਲ ਅਤੇ ਟੀਂਡੇ 'ਤੇ ਆਈ ਕਪਾਹ ਦੀ ਫ਼ਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ। ਨਹੀਂ ਤਾਂ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਝਾੜ ਵੀ ਬਹੁਤ ਘੱਟ ਜਾਵੇਗਾ। ਟੀਡਿਆਂ ਦੇ ਜਲਦੀ ਖਿੜਨ ਲਈ ਅਖੀਰਲਾ ਪਾਣੀ ਸਤੰਬਰ ਦੇ ਅਖੀਰ ਵਿੱਚ ਦਿਉ। ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13:0:45) ਘੋਲ ਦੇ 4 ਛਿੜਕਾਅ ਹਫਤੇ ਦੇ ਵਕਫੇ ਨਾਲ ਕਰੋ। ਖੇਤਾਂ ਵਿੱਚ ਲੀਫ ਕਰਲ ਵਾਲੇ ਬੂਟੇ ਪੁੱਟ ਕੇ ਦਬਾਉਂਦੇ ਰਹੋ। ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਥਾ ਸਵੇਰੇ 10 ਵਜੇ ਤੋਂ ਪਹਿਲਾਂ) ਤੇ ਪਹੁੰਚਣ ਤੇ 400 ਮਿਲੀਲੀਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ। ਗੁਲਾਬੀ ਸੁੰਡੀ ਦੀ ਗੈਰ-ਰਸਾਇਣਿਕ ਰੋਕਥਾਮ ਲਈ ਫੀਰਾਮੋਨ (ਗੋਸੀਪਲਊਰ 4%; 7, 11 ਹੈਕਸਾਡੇਕਾਡਾਈਨਾਇਲ) ਅਧਾਰਿਤ ਸਪਲੈਟ (SPLAT – Specialized Pheromone Lure Application Technology) ਉਤਪਾਦ ਕਰੈਮਿਟ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਕਿਲਾ ਪ੍ਰਤੀ ਡੋਜ਼ ਨਰਮੇ ਦੀ ਫਸਲ 'ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ 'ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ 'ਤੇ) ਇੱਕ ਕਿਲੇ ਵਿੱਚ 400 ਬੂਟਿਆਂ 'ਤੇ ਇਕਸਾਰ ਲਗਾਇਆ ਜਾਵੇ। ਰਸਾਇਣਿਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲੀਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਮੱਕੀ** : ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਫ਼ਸਲ 'ਤੇ 30 ਮਿਲੀਲੀਟਰ ਕੋਰਾਜ਼ਨ 18.5 ਤਾਕਤ ਨੂੰ 60 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ। ਇਸ ਦੀ ਰੋਕਥਾਮ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ



ਦੇ 40,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ - ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫਤੇ ਬਾਅਦ ਵਰਤ ਕੇ ਵੀ ਕੀਤੀ ਜਾ ਸਕਦੀ ਹੈ।

**ਸਬਜ਼ੀਆਂ** : ਭਿੰਡੀ ਦੀ ਫ਼ਸਲ 'ਤੇ ਤੇਲੇ ਦੀ ਰੋਕਥਾਮ ਲਈ 15 ਦਿਨ ਦੇ ਵਕਫੇ ਨਾਲ ਇੱਕ ਜਾਂ ਦੋ ਵਾਰ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100-125 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ। ਮਿਰਚਾਂ ਤੇ ਫਲ ਦੇ ਗਲੇ ਦੀ ਰੋਕਥਾਮ ਲਈ ਫ਼ਸਲ 'ਤੇ 250 ਮਿਲੀਲੀਟਰ ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੌਕਸ ਨੂੰ 250 ਲੀਟਰ ਪਾਣੀ ਵਿੱਚ ਮਿਲਾ ਕੇ ਦਸ ਦਿਨਾਂ ਦੇ ਵਕਫੇ 'ਤੇ ਛਿੜਕਾਅ ਕਰੋ।

**ਬਾਗਬਾਨੀ** : ਸਦਾਬਹਾਰ ਫਲਦਾਰ ਬੂਟੇ ਜਿਵੇਂ ਅੰਬ, ਨਿੰਬੂ ਜਾਤੀ ਦੇ ਬੂਟੇ (ਕਿੰਨੂ, ਮਾਲਟਾ, ਮਿੱਠਾ ਨਿੰਬੂ, ਬਾਰਾਮਾਸੀ ਨਿੰਬੂ, ਗ੍ਰੇਪ ਫਰੂਟ), ਲੀਚੀ, ਅਮਰੂਦ, ਲੁਕਾਠ, ਆਮਲਾ, ਪਪੀਤੇ ਆਦਿ ਦੇ ਬੂਟੇ ਲਗਾਉਣ ਦਾ ਬਹੁਤ ਹੀ ਢੁੱਕਵਾਂ ਸਮਾਂ ਹੈ। ਨਵੇਂ ਲਗਾਏ ਗਏ ਬੂਟੇ ਬਹੁਤ ਹੀ ਕੋਮਲ ਹੁੰਦੇ ਹਨ, ਇਸ ਲਈ ਉਹ ਖਾਸ ਦੇਖਭਾਲ ਮੰਗਦੇ ਹਨ। ਉਨ੍ਹਾਂ ਦੀ ਕਾਂਟ-ਛਾਂਟ, ਤਣੇ ਦੀ ਸਫੈਦੀ, ਪਾਣੀ ਅਤੇ ਹੋਰ ਬੂਟੇ ਤੇ ਸੁਰੱਖਿਆ ਪ੍ਰਬੰਧਾਂ ਵੱਲ ਧਿਆਨ ਦਿਉ। ਨਿੰਬੂ ਜਾਤੀ ਦੇ ਬੂਟਿਆਂ ਵਿੱਚ ਸਿਟਰਸ ਸਿੱਲੇ ਦੀ ਰੋਕਥਾਮ ਲਈ 160 ਗ੍ਰਾਮ ਐਕਟਾਰਾ 25 ਡਬਲਯੂ. ਜੀ. ਜਾਂ 200 ਮਿ. ਲੀ. ਕਰੋਕੋਡਾਈਲ 17.8 ਐਸ. ਐਲ. ਦਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਟਹਿਣੀਆਂ ਦਾ ਸੁੱਕਣਾ ਅਤੇ ਫਲ ਗਲਣ ਦੀ ਰੋਕਥਾਮ ਲਈ ਨਿੰਬੂ ਜਾਤੀ ਦੇ ਬੂਟਿਆਂ ਤੇ ਬੋਰਡੋ ਮਿਸ਼ਰਣ ਦਾ ਘੋਲ 2:2:250 ਛਿੜਕਾਅ ਕਰੋ।

**ਪਸ਼ੂ ਪਾਲਣ** : ਪਸ਼ੂ ਨੂੰ ਸ਼ੈਡ ਦੇ ਅੰਦਰ ਰੱਖੋ ਅਤੇ ਸ਼ੈਡ ਅੰਦਰ ਸਾਫ-ਸਫਾਈ ਅਤੇ ਮਲ-ਮੂਤਰ ਦੇ ਨਿਕਾਸ ਦਾ ਪੂਰਾ ਖਿਆਲ ਰੱਖੋ। ਇਸ ਮਹੀਨੇ ਮੱਛਰ, ਮੱਖੀਆਂ ਅਤੇ ਚਿੱਚੜਾਂ ਦੀ ਗਿਣਤੀ ਵੱਧ ਜਾਂਦੀ ਹੈ, ਜੋ ਕਿ ਪਸ਼ੂ ਦਾ ਖੂਨ ਚੂਸਦੇ ਹਨ ਅਤੇ ਬਿਮਾਰੀ (ਜਿਵੇਂ ਲੰਪੀ ਸਕਿਨ ਰੋਗ) ਫੈਲਾਉਂਦੇ ਹਨ। ਸੋ ਪਸ਼ੂਆਂ ਨੂੰ ਇਨ੍ਹਾਂ ਤੋਂ ਬਚਾਉਣ ਲਈ ਸਮੇਂ-ਸਮੇਂ 'ਤੇ ਸਪਰੇਅ ਕਰਨੀ ਜ਼ਰੂਰੀ ਹੈ, ਖਾਸ ਕਰਕੇ ਤਰੇੜਾਂ ਅਤੇ ਕੋਨਿਆਂ 'ਤੇ ਦੋ ਹਫਤੇ ਬਾਅਦ ਸਪਰੇਅ ਦੋਬਾਰਾ ਕਰੋ ਅਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ। 6 ਮਹੀਨੇ ਤੋਂ ਛੋਟੇ ਬੱਚਿਆਂ, ਪੱਠੇ, ਖੁਰਾਕ ਅਤੇ ਪਾਣੀ ਉਪਰ ਸਪਰੇਅ ਨਹੀਂ ਕਰਨੀ ਚਾਹੀਦੀ। ਪਸ਼ੂ ਨੂੰ ਕਾਲਾ ਜਾਂ ਉੱਲੀ ਲੱਗਿਆ ਦਾਣਾ ਕਦੇ ਵੀ ਨਹੀਂ ਪਾਉਣਾ ਚਾਹੀਦਾ।



# 2080 ਤਕ ਭਾਰਤ ਵਿੱਚ ਧਰਤੀ ਹੇਠਲੇ ਪਾਣੀ ਦੀ ਕਮੀ ਤਿੰਨ ਗੁਣਾ ਹੋ ਸਕਦੀ ਹੈ : ਅਧਿਐਨ

ਜੇਕਰ ਭਾਰਤੀ ਕਿਸਾਨ ਮੌਜੂਦਾ ਦਰ 'ਤੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਜਾਰੀ ਰੱਖਦੇ ਹਨ ਤਾਂ 2080 ਤੱਕ ਧਰਤੀ ਹੇਠਲੇ ਪਾਣੀ ਵਿੱਚ ਤਿੰਨ ਗੁਣਾ ਕਮੀ ਆ ਜਾਵੇਗੀ, ਜਿਸ ਨਾਲ ਦੇਸ਼ ਦੀ ਭੋਜਨ ਅਤੇ ਪਾਣੀ ਦੀ ਸੁਰੱਖਿਆ ਲਈ ਖਤਰਾ ਪੈਦਾ ਹੋ ਸਕਦਾ ਹੈ। ਇਹ ਗੱਲ ਇੱਕ ਨਵੇਂ ਅਧਿਐਨ ਵਿੱਚ ਕਹੀ ਗਈ ਹੈ। ਅਮਰੀਕਾ ਸਥਿਤ ਮਿਸ਼ੀਗਨ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਜਲਵਾਯੂ ਤਪਸ਼ ਕਾਰਨ ਭਾਰਤ ਵਿੱਚ ਕਿਸਾਨ ਸਿੰਚਾਈ ਲਈ ਧਰਤੀ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਕਰਨ ਲਈ ਮਜ਼ਬੂਰ ਹਨ।

ਸਾਇੰਸ ਐਡਵਾਂਸ ਜਰਨਲ ਵਿੱਚ ਪ੍ਰਕਾਸ਼ਿਤ ਅਧਿਐਨ ਅਨੁਸਾਰ, ਨਤੀਜੇ ਵਜੋਂ ਘੱਟ ਪਾਣੀ ਦੀ ਉਪਲੱਬਧਤਾ ਦੇਸ਼ ਦੀ 1.4 ਬਿਲੀਅਨ ਆਬਾਦੀ ਵਿੱਚੋਂ ਇੱਕ-ਤਿਹਾਈ ਤੋਂ ਵੱਧ ਲੋਕਾਂ ਦੀ ਰੋਜ਼ੀ-ਰੋਟੀ ਨੂੰ ਖਤਰੇ ਵਿੱਚ ਪਾ ਸਕਦੀ ਹੈ, ਜਿਸ ਦੇ ਪੂਰੀ ਦੁਨੀਆਂ 'ਤੇ ਅਸਰ ਹੋ ਸਕਦੇ ਹਨ।

ਅਧਿਐਨ ਦੀ ਸੀਨੀਅਰ ਲੇਖਿਕਾ ਅਤੇ ਯੂਨੀਵਰਸਿਟੀ ਦੇ ਸਕੂਲ ਫਾਰ ਐਨਵਾਇਰਮੈਂਟ ਐਂਡ ਸਸਟੇਨੇਬਿਲਟੀ ਵਿੱਚ ਪ੍ਰੋਫੈਸਰ ਮੇਹਾ ਜੈਨ ਨੇ ਕਿਹਾ, ''ਭਾਰਤ ਜ਼ਮੀਨਦੋਜ਼ ਪਾਣੀ ਦਾ ਸਭ ਤੋਂ ਵੱਡਾ ਵਰਤੋਂ ਕਰਨ ਵਾਲਾ ਅਤੇ ਖੇਤਰੀ ਅਤੇ ਗਲੋਬਲ ਭੋਜਨ ਸਪਲਾਈ ਲਈ ਇੱਕ ਮਹੱਤਵਪੂਰਨ ਸਰੋਤ ਹੈ, ਜਿਸ ਕਾਰਨ ਇਹ ਚਿੰਤਾ ਦਾ ਵਿਸ਼ਾ ਹੈ।" ਅਧਿਐਨ ਵਿੱਚ ਜਲਵਾਯੂ ਤਪਸ਼ ਕਾਰਨ ਜ਼ਮੀਨਦੋਜ਼ ਪਾਣੀ ਦੇ ਸ਼ੋਸ਼ਣ ਵਿੱਚ ਹਾਲ ਹੀ ਦੇ ਬਦਲਾਅ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਦੇ ਤਹਿਤ, ਭਾਰਤ ਵਿੱਚ ਭੂਮੀਗਤ ਪਾਣੀ ਦੇ ਪੱਧਰ ਦੇ ਇਤਿਹਾਸਕ ਅੰਕੜੇਅਤੇ ਭਵਿੱਖ ਵਿੱਚ ਧਰਤੀ ਹੇਠਲੇ ਪਾਣੀ ਦੀ ਕਮੀ ਦੇ ਅੰਕੜਿਆਂ ਦਾ ਮੁਲਾਂਕਣ ਕੀਤਾ ਗਿਆ ਸੀ। ਖੋਜਕਰਤਾਵਾਂ ਨੇ ਕਿਹਾ ਕਿ ਇਸ ਤੋਂ ਇਲਾਵਾ, ਇਸ ਨੇ ਗਰਮ ਹਾਲਾਤ ਵਿੱਚ ਸਿੰਚਾਈ ਵਧਾਉਣ ਦੀ ਜ਼ਰੂਰਤ ਨੂੰ ਵੀ ਨੋਟ ਕੀਤਾ, ਜਿਸ ਨਾਲ ਪਾਣੀ ਦੀ ਮੰਗ ਵਧਣ ਦੀ ਸੰਭਾਵਨਾ ਹੈ।

ਅਧਿਐਨ ਦੇ ਮੁੱਖ ਲੇਖਕ ਨਿਸ਼ਾਨ ਭੱਟਾਰਾਈ ਨੇ ਕਿਹਾ ਕਿ, ''ਸਾਡੇ ਮਾਡਲ ਅਨੁਮਾਨਾਂ ਦੀ ਵਰਤੋਂ ਕਰਦੇ ਹੋਏ, ਅਸੀਂ ਅੰਦਾਜ਼ਾ ਲਗਾਇਆ ਹੈ ਕਿ ਹੁਣ ਦੀ ਸਮਾਨ ਸਥਿਤੀ ਵਿੱਚ ਤਾਪਮਾਨ ਵਧਣ ਨਾਲ ਭਵਿੱਖ ਵਿੱਚ ਜ਼ਮੀਨਦੋਜ਼ ਪਾਣੀ ਵਿੱਚ ਤਿੰਨ ਗੁਣਾ ਕਮੀ ਹੋ ਸਕਦੀ ਹੈ ਅਤੇ ਦੱਖਣੀ ਤੇ ਮੱਧ ਭਾਰਤ ਸਮੇਤ ਬਹੁਤ ਜ਼ਿਆਦਾ ਵਰਤੋਂ ਵਾਲੇ ਇਲਾਕੇ ਫੈਲ ਸਕਦੇ ਹਨ।" ਖੋਜਕਰਤਾਵਾਂ ਨੇ ਕਿਹਾ ਕਿ ਜ਼ਿਆਦਾਤਰ ਮਾਡਲਾਂ ਨੇ ਆਉਣ ਵਾਲੇ ਦਹਾਕਿਆਂ ਵਿੱਚ ਭਾਰਤ ਵਿੱਚ ਵਧੇ ਹੋਏ ਤਾਪਮਾਨ, ਮਾਨਸੂਨ ਦੀ ਬਾਰਿਸ਼ (ਜੂਨ ਤੋਂ ਸਤੰਬਰ) ਵਿੱਚ ਵਾਧਾ ਅਤੇ ਸਰਦੀਆਂ ਦੇ ਮੌਸਮ ਵਿੱਚ ਘੱਟ ਵਰਖਾ ਹੋਣ ਦਾ ਅਨੁਮਾਨ ਲਗਾਇਆ ਹੈ। ਭੱਟਾਰਾਈ ਨੇ ਕਿਹਾ ਕਿ ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਲਈ ਨੀਤੀਆਂ ਅਤੇ ਦਖਲ-ਅੰਦਾਜ਼ੀ ਤੋਂ ਬਗੈਰ, ਭਾਰਤ ਵਿੱਚ ਵੱਧ ਰਹੇ ਤਾਪਮਾਨ ਕਾਰਨ ਧਰਤੀ ਹੇਠਲੇ ਪਾਣੀ ਦੇ ਘੱਟਣ ਦੀ ਤਪੱਸਿਆ ਦੇਸ਼ ਦੀ ਭੋਜਨ ਅਤੇ ਪਾਣੀ ਦੀ ਸੁਰੱਖਿਆ ਨੂੰ ਹੋਰ ਵਧਾ ਸਕਦੀ ਹੈ।

# ਨਿਊ ਹੌਲੈਂਡ ਐਗਰੀਕਲਚਰ ਨੇ ਆਪਣੇ ਟਿਕਾਊ ਵਾਤਾਵਰਣ ਸਮਾਧਾਨ ਲਈ ਸੀ.ਐਸ.ਆਰ. ਟਾਈਮਜ਼ ਐਵਾਰਡ 2023 ਜਿੱਤਿਆ

### ਇਹ ਪਹਿਲ, ਲਗਾਤਾਰ ਵਾਤਾਵਰਣ ਸਮਾਧਾਨ, ਫਸਲ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਦਾ ਲਾਭ ਉਠਾਉਣ 'ਤੇ ਕੇਂਦਰਿਤ ਹੈ, ਤਾਂਕਿ ਐਕਸ-ਸੀਟੂ ਪ੍ਰਬੰਧਨ ਸਹਿਤ ਸਥਾਈ ਵਿਕਲਪ ਲੱਭੇ ਜਾ ਸਕਣ ਅਤੇ ਫਸਲ ਰਹਿੰਦ-ਖੂੰਹਦ ਸਾੜਨ ਨਾਲ ਹੋਣ ਵਾਲੇ ਹਾਨੀਕਾਰਕ ਪ੍ਰਭਾਵਾਂ ਦੇ ਬਾਰੇ ਵਿੱਚ ਜਾਗਰੂਕਤਾ ਵਧਾਈ ਜਾ ਸਕੇ

ਸੀ. ਐਨ. ਐਚ. ਇੰਡਸਟਰੀਅਲ ਦੇ ਬ੍ਰਾਂਡ ਨਿਊ ਹੌਲੈਂਡ ਐਗਰੀਕਲਚਰ ਨੂੰ ਭਾਰਤ ਵਿੱਚ ਆਪਣੀ ਪ੍ਰਭਾਵਸ਼ਾਲੀ ਪਹਿਲ ਲਈ 10ਵੇਂ ਰਾਸ਼ਟਰੀ ਸੀ. ਐਸ. ਆਰ. ਟਾਈਮਜ਼ ਐਵਾਰਡ 2023 ਵਿੱਚ ਸਨਮਾਨਿਤ ਕੀਤਾ ਗਿਆ ਹੈ। ਕੰਪਨੀ ਨੇ ਭਾਰਤ ਵਿੱਚ 16 ਸਥਾਨਾਂ 'ਤੇ ਫਸਲ



ਰਹਿੰਦ-ਖੂੰਹਦ ਸਾੜਨ ਦੀ ਗੰਭੀਰ ਚਿੰਤਾ ਤਹਿਤ ਲਗਾਤਾਰ ਕੰਮ ਕੀਤਾ ਹੈ। ਇਸ ਕਾਰਨ ਕੰਪਨੀ ਨੇ ਟਿਕਾਊ ਸਮਾਧਾਨ ਪ੍ਰੋਗਰਾਮ ਲਈ ਗੋਲਡ ਐਵਾਰਡ ਪ੍ਰਾਪਤ ਕੀਤਾ ਹੈ।

ਨਵੀਂ ਦਿੱਲੀ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਸਾਲਾਨਾ ਸੀ. ਐਸ. ਆਰ. ਟਾਈਮਜ਼ ਐਵਾਰਡ ਨੂੰ ਚੁਣਿਆ ਗਿਆ, ਜੋ ਵਰਣਨਯੋਗ ਉਪਲੱਬਧੀਆਂ ਦਾ ਸਨਮਾਨ ਕਰਨ ਅਤੇ ਕਾਰਪੋਰੇਟਸ, ਕਾਰਪੋਰੇਟ ਫਾਊਂਡੇਸ਼ਨ, ਐਨ. ਜੀ. ਓ., ਸਰਕਾਰ ਅਤੇ ਸਰਕਾਰੀ ਖੇਤਰਾਂ ਅਤੇ ਵਿਅਕਤੀਆਂ ਸਹਿਤ ਵੱਖ-ਵੱਖ ਹਿੱਤਧਾਰਕਾਂ ਨੂੰ ਸਕਾਰਾਤਮਕ ਪਰਿਯੋਜਨਾਵਾਂ ਵਿੱਚ ਸਰਗਰਮੀ ਨਾਲ ਸ਼ਾਮਿਲ ਹੋਣ ਲਈ ਅਤੇ ਸਮੁਦਾਇ 'ਤੇ ਸਥਾਈ ਪ੍ਰਭਾਵ ਨੂੰ ਉਤਸ਼ਾਹਿਤ ਕਰਨ ਲਈ ਬਣਾਇਆ ਗਿਆ ਇੱਕ ਮੰਚ ਹੈ।

ਪੁਰਸਕਾਰ ਪ੍ਰਾਪਤ ਹੋਣ ਤੋਂ ਬਾਅਦ ਸੀ. ਐਨ. ਐਚ. ਇੰਡਸਟਰੀਅਲ - ਐਗਰੀਕਲਚਰ ਬਿਜ਼ਨੇਸ (ਭਾਰਤ ਅਤੇ ਸਾਰਕ) ਦੇ ਕੰਟਰੀ ਮੈਨੇਜਰ ਅਤੇ ਪ੍ਰਬੰਧ ਨਿਰਦੇਸ਼ਕ ਸ਼੍ਰੀ ਨਰਿੰਦਰ ਮਿੱਤਲ ਨੇ ਕਿਹਾ ਕਿ, ''ਅਸੀਂ ਆਪਣੇ ਲਗਾਤਾਰ ਵਾਤਾਵਰਣ ਸਮਾਧਾਨ ਪ੍ਰੋਗਰਾਮ ਲਈ ਇਹ ਪੁਰਸਕਾਰ ਪ੍ਰਾਪਤ ਕਰਕੇ ਬਹੁਤ ਸਨਮਾਨਿਤ ਮਹਿਸੂਸ ਕਰ ਰਹੇ ਹਾਂ। ਇਸ ਪੁਰਸਕਾਰ ਨਾਲ ਸਾਨੂੰ ਇਹ ਪਤਾ ਚੱਲਦਾ ਹੈ ਕਿ ਅਸੀਂ ਆਪਣੀਆਂ ਸਾਰਥਕ ਪਹਿਲ-ਕਦਮੀਆਂ ਰਾਹੀਂ ਸਮਾਜ ਵਿੱਚ ਬਦਲਾਅ ਲਿਆਉਣ ਲਈ ਸਹੀ ਰਸਤੇ 'ਤੇ ਹਾਂ। ਨਿਊ ਹੌਲੈਂਡ ਐਗਰੀਕਲਚਰ ਵਿੱਚ ਅਸੀਂ ਨਵੀਨਤਾ ਅਤੇ ਟਿਕਾਊ ਅਭਿਆਸਾਂ ਰਾਹੀਂ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹਾਂ, ਜੋ ਨਾ ਸਿਰਫ ਖੇਤੀ ਖੇਤਰ ਨੂੰ ਬਲਕਿ ਵਿਆਪਕ ਸਮੁਦਾਇ ਨੂੰ ਵੀ ਲਾਭ ਪਹੁੰਚਾਉਂਦੇ ਹਨ। ਇਹ ਪੁਰਸਕਾਰ ਸਾਨੂੰ ਬੇਹਤਰ ਭਵਿੱਖ ਲਈ ਪ੍ਰਭਾਵਸ਼ਾਲੀ ਪਹਿਲ ਕਰਨ ਦੇ ਆਪਣੇ ਯਤਨ ਜਾਰੀ ਰੱਖਣ ਲਈ ਉਤਸ਼ਾਹਿਤ ਕਰਦਾ ਹੈ।"

ਪੁਰਸਕਾਰ ਵਿਜੇਤਾ ਪ੍ਰੋਗਰਾਮ, ਸਸਟੇਨੇਬਲ ਐਨਵਾਇਰਨਮੈਂਟ ਸੋਲਿਊਸ਼ਨ, ਕਿਸਾਨਾਂ ਲਈ ਆਰਥਿਕ ਲਾਭ ਯਕੀਨੀ ਬਣਾਉਣ ਵਾਲੇ ਬਿਜਲੀ ਯੰਤਰਾਂ ਸਹਿਤ ਵੱਖ-ਵੱਖ ਉਦਯੋਗਾਂ ਵਿੱਚ ਪਰਾਲੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੇ ਹੋਏ ਟਿਕਾਊ ਪਰਾਲੀ ਪ੍ਰਬੰਧਨ ਰਾਹੀਂ ਫਸਲਾਂ ਦੀ ਪਰਾਲੀ ਨੂੰ ਸਾੜਨ ਨੂੰ ਰੋਕਣ 'ਤੇ ਕੇਂਦਰਿਤ ਹੈ।

ਇਹ ਪ੍ਰੋਗਰਾਮ ਵਾਤਾਵਰਣ-ਅਨੁਕੂਲ ਪਰਾਲੀ ਪ੍ਰਬੰਧਨ ਲਈ ਰੇਕ ਅਤੇ ਬੇਲਰ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ, ਜਦੋਂਕਿ ਫਸਲ ਦੇ ਬੇਕਾਰ ਹਿੱਸਿਆਂ ਨੂੰ ਸਾੜ ਕੇ ਹਾਨੀਕਾਰਕ ਪ੍ਰਭਾਵਾਂ ਦੇ ਬਾਰੇ ਵਿੱਚ ਜਾਗਰੂਕਤਾ ਵਧਾਉਂਦਾ ਹੈ। 2017 ਤੋਂ 2022 ਤੱਕ, ਇਸ ਯਤਨ ਨਾਲ ਲਗਭਗ 2 ਮਿਲੀਅਨ ਟਨ ਝੋਨੇ ਦੀ ਪਰਾਲੀ ਨੂੰ ਵੇਲਣ ਵਿੱਚ ਮੱਦਦ ਮਿਲੀ, ਜਿਸ ਨਾਲ ਕਾਰਬਨ ਉਤਸਰਜਨ ਵਿੱਚ ਕਾਫੀ ਕਟੌਤੀ ਹੋਈ ਹੈ।

ਨਿਊ ਹੌਲੈਂਡ ਐਗਰੀਕਲਚਰ ਟਰੈਕਟਰ, ਕੰਬਾਇਨ ਹਾਰਵੈਸਟਰ ਅਤੇ ਖੇਤੀ ਸੰਦਾਂ ਦੀ ਇੱਕ ਵਿਸਤ੍ਰਿਤ ਕੜੀ ਵਰਗੇ ਨਵੀਨ ਖੇਤੀ ਸੋਲਿਊਸ਼ਨ ਪ੍ਰਦਾਨ ਕਰਦਾ ਹੈ, ਜੋ ਖੇਤ ਵਾਹੁਣ, ਰੁੱਖ ਲਗਾਉਣ, ਕਟਾਈ, ਕਟਾਈ ਤੋਂ ਬਾਅਦ, ਵਪਾਰਕ ਪ੍ਰਯੋਗਾਂ ਅਤੇ ਆਵਾਜਾਈ ਵਰਗੇ ਕਈ ਮਾਮਲਿਆਂ ਵਿੱਚ ਕੁਸ਼ਲਤਾ ਅਤੇ ਉਤਪਾਦਕਤਾ ਵਧਾਉਂਦਾ ਹੈ।

